Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 190 Thursday, October 03, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

TOP 4% TREB REALTOR 2018
Buy With $0 Down Program
"Believe In The Best" ROYAL CANADIAN REALTY, BROKERAGE
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

# ਲਿਬਰਲ ਐਮਪੀ ਕਮਲ ਖੈਰ੍ਹਾ ਨੇ ਵਿਦੇਸ਼ੀ ਦੌਰਿਆਂ ਬਾਰੇ ਕੀਤੀ ਹੋ ਸਕਦੀ ਹੈ ਟਰੂਡੋ ਦੀਆਂ ਹਦਾਇਤਾਂ ਦੀ ਉਲੰਘਣਾ

ਬਰੈਂਪਟਨ, 2 ਅਕਤੂਬਰ (ਪੋਸਟ ਬਿਊਰੋ) : ਲਿਬਰਲ ਐਮਪੀ, ਜਿਸ ਦੇ ਤਨਜ਼ਾਨੀਆ ਦੇ ਦੌਰੇ ਦਾ ਸਾਰਾ ਖਰਚਾ ਰਜਿਸਟਰਡ ਲਾਬੀਕਾਰ ਵੱਲੋਂ ਚੁੱਕਿਆ ਗਿਆ, ਵੱਲੋਂ ਲਿਬਰਲ ਆਗੂ ਜਸਟਿਨ ਟਰੂਡੋ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਗਈ ਹੋ ਸਕਦੀ ਹੈ। ਇਹ ਵੀ ਸਾਹਮਣੇ ਆਇਆ ਹੈ ਕਿ ਅਜਿਹਾ ਕਰਨ ਵਾਲੀ ਉਹ ਸਿਰਫ ਇੱਕ ਮਾਤਰ ਐਮਪੀ ਨਹੀਂ ਹੈ।

ਜ਼ਿਕਰਯੋਗ ਹੈ ਕਿ ਟਰੂਡੋ ਵੱਲੋਂ ਪਾਰਲੀਮਾਨੀ ਸਕੱਤਰਾਂ ਨੂੰ ਇਸ ਤਰ੍ਹਾਂ ਦੇ ਤੋਹਫੇ ਸਵੀਕਾਰ ਕਰਨ ਉੱਤੇ ਰੋਕ ਲਾਈ ਹੋਈ ਹੈ। ਬਰੈਂਪਟਨ ਤੋਂ ਐਮਪੀ ਕਮਲ ਖੈਰ੍ਹਾ ਅਪਰੈਲ 2016 ਵਿੱਚ ਸਿਹਤ ਮੰਤਰੀ ਦੀ ਪਾਰਲੀਮਾਨੀ ਸਕੱਤਰ ਸੀ ਜਦੋਂ ਵਰਲਡ ਵਿਜ਼ਨ ਕੈਨੇਡਾ ਨੇ ਉਸ ਨੂੰ ਤਨਜ਼ਾਨੀਆ ਦੇ ਸੱਤ ਰੋਜ਼ਾ ਦੌਰੇ ਉੱਤੇ ਭੇਜਣ ਲਈ 5,210.50 ਡਾਲਰ ਖਰਚ ਕੀਤੇ। ਮੰਗਲਵਾਰ ਨੂੰ ਨੈਸ਼ਨਲ ਪੋਸਟ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਵਿੱਚ ਦੱਸਿਆ ਗਿਆ ਕਿ ਟਰੂਡੋ ਫਾਊਂਡੇਸ਼ਨ ਨੇ ਟੋਰਾਂਟੋ ਤੋਂ ਐਮਪੀ ਆਰਿਫ ਵੀਰਾਨੀ ਦੇ 29 ਫਰਵਰੀ ਤੋਂ ਪਹਿਲੀ ਮਾਰਚ, 2016 ਨੂੰ ਕੀਤੇ ਗਏ ਲੰਡਨ, ਇੰਗਲੈਂਡ ਦੌਰੇ ਦਾ ਸਾਰਾ ਖਰਚ ਚੁੱਕਿਆ। 16 ਸਾਲਾਂ ਦੇ ਫਾਊਂਡੇਸ਼ਨ ਦੇ ਇਤਿਹਾਸ ਵਿੱਚ ਇਹ ਪਹਿਲਾ ਐਮਪੀ ਦਾ ਦੌਰਾ ਸੀ ਜਿਸ ਨੂੰ ਐਮਪੀਜ਼ ਟਰੈਵਲ ਵਜੋਂ ਸਪਾਂਸਰ ਕੀਤਾ ਗਿਆ।



ਇਸ ਹਿਸਾਬ ਨਾਲ ਵਿਰਾਨੀ ਤੇ ਖੈਰ੍ਹਾ ਨੇ ਪਾਰਲੀਮਾਨੀ ਸਕੱਤਰਾਂ ਲਈ ਟਰੂਡੋ ਦੇ ਨਿਯਮਾਂ ਦੀ ਉਲੰਘਣਾ ਕੀਤੀ। ਟਰੂਡੋ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪਾਰਲੀਮਾਨੀ ਸਕੱਤਰ ਹੋਣ ਨਾਤੇ ਜਨਤਾ ਵੱਲੋਂ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਮੁਲਾਂਕਣ ਵਧਾ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਅਸਰ ਉਨ੍ਹਾਂ ਦੇ ਮੰਤਰੀਆਂ ਦੀ ਸਾਖ ਉੱਤੇ ਵੀ ਪੈਂਦਾ ਹੈ ਤੇ ਸਮੁੱਚੇ ਤੌਰ ਉੱਤੇ ਸਰਕਾਰ ਦੀ ਸਾਖ ਉੱਤੇ ਪੈਂਦਾ ਹੈ। ...ਬਾਕੀ ਪੰਨਾ 6 'ਤੇ

# ਪੰਜੇ ਲਾਪਤਾ ਬੱਚੇ ਸਹੀ ਸਲਾਮਤ ਮਿਲੇ



ਓਨਟਾਰੀਓ, 2 ਅਕਤੂਬਰ (ਪੋਸਟ ਬਿਊਰੋ) : ਜਿਨ੍ਹਾਂ ਪੰਜ ਬੱਚਿਆਂ ਸਬੰਧੀ ਐਂਬਰ ਐਲਰਟ ਜਾਰੀ ਕੀਤਾ ਗਿਆ ਸੀ ਉਹ ਬੱਚੇ ਸਹੀ ਸਲਾਮਤ ਮਿਲ ਗਏ ਹਨ। ਇਸ ਦੀ ਪੁਸ਼ਟੀ ਨਾਇਗਰਾ ਰੀਜਨਲ ਪੁਲਿਸ ਵੱਲੋਂ ਕੀਤੀ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਬੱਚਿਆਂ ਦੀ ਸਿਹਤ ਬਿਲਕੁਲ ਠੀਕ ਹੈ ਤੇ ਉਨ੍ਹਾਂ ਦਾ ਇਸ ਸਮੇਂ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ।

ਐਂਬਰ ਐਲਰਟ ਮੰਗਲਵਾਰ ਸ਼ਾਮ ਨੂੰ ਉਸ ਸਮੇਂ ਜਾਰੀ ਕੀਤਾ ਗਿਆ ਸੀ ਜਦੋਂ ਫੈਮਿਲੀ ਐਂਡ ਚਿਲਡਰਨ ਸਰਵਿਸਿਜ਼ ਨਾਇਗਰਾ ਵੱਲੋਂ 24 ਘੰਟਿਆਂ ਤੋਂ ਬੱਚਿਆਂ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਵਾਈ ਗਈ ਸੀ।

ਐਂਬਰ ਐਲਰਟ ਤਾਂ ਮੰਗਲਵਾਰ ਰਾਤ ਨੂੰ ਹੀ ਖਤਮ ਕਰ ਦਿੱਤਾ ਗਿਆ ਸੀ ਪਰ ਉਸ ਸਮੇਂ ਤੱਕ ਬੱਚਿਆਂ ਦੇ ਥਹੁ ਟਿਕਾਣੇ ਦਾ ਪਤਾ ਨਹੀਂ ਸੀ ਲੱਗਿਆ। ਬੁੱਧਵਾਰ ਦੁਪਹਿਰ ਨੂੰ ਪੁਲਿਸ ਵੱਲੋਂ ਇੱਕ ਨਿਊਜ਼ ਰਲੀਜ਼ ਜਾਰੀ ਕਰਕੇ ਆਖਿਆ ਗਿਆ ਕਿ ਉਨ੍ਹਾਂ ਨੂੰ ਬੱਚਿਆਂ ਦੇ ਪਿਤਾ ਦੇ ਟਿਕਾਣੇ ਦਾ ਪਤਾ ਲੱਗ ਗਿਆ ਹੈ। ਜਾਂਚਕਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਬੱਚਿਆਂ ਦਾ ਪਿਤਾ ਲਾਲ ਰੰਗ ਦੀ ਟੌਇਟਾ ਕੈਮੀਰ ਚਲਾ ਰਿਹਾ ਸੀ। ਫਿਰ ਜਾਂਚਕਾਰ ਰਿੱਜਵੇਅ ਦੇ ਇੱਕ ਪਤੇ ਉੱਤੇ 2 ਅਕਤੂਬਰ ਨੂੰ ਪਹੁੰਚੇ। ਜਿੱਥੇ ਇੱਕ ਕਿਰਾਏ ਦੀ ਕਾਟੇਜ ਦੇ ਬਾਹਰ ਉਹ ਲਾਲ ਰੰਗ ਦੀ ਗੱਡੀ ਪਾਰਕ ਕੀਤੀ ਹੋਈ ਮਿਲ ਗਈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਉਸੇ ਕਾਟੇਜ ਦੇ ਅੰਦਰ ਸਾਰੇ ਬੱਚੇ ਵੀ ਮਿਲ ਗਏ। ਨਾਇਗਰਾ ਰੀਜਨਲ ਪੁਲਿਸ ਵੱਲੋਂ ਇਸ ਮਸਲੇ ਨੂੰ ਸ਼ਾਂਤਮਈ ਤੇ ਸੁਰੱਖਿਅਤ ਢੰਗ ਨਾਲ ਹੱਲ ਕਰ ਲਏ ਜਾਣ ਲਈ ਕਮਿਊਨਿਟੀ ਵੱਲੋਂ ਕੀਤੀ ਮਦਦ ਵਾਸਤੇ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ ਗਿਆ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਬੱਚਿਆਂ ਦੇ ਪਿਤਾ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਪਰ ਮਾਮਲੇ ਦੀ ਜਾਂਚ ਅਜੇ ਵੀ ਜਾਰੀ ਹੈ।

# ਕਿਊਬਿਕ ਵਿੱਚ ਕੈਂਪੇਨ ਦੌਰਾਨ ਜਗਮੀਤ ਸਿੰਘ ਨੂੰ ਪੱਗ ਨਾ ਬੰਨ੍ਹਣ ਦੀ ਦਿੱਤੀ ਗਈ ਸਲਾਹ

ਟੋਰਾਂਟੋ, 2 ਅਕਤੂਬਰ (ਪੋਸਟ ਬਿਊਰੋ) : ਕਿਊਬਿਕ ਵਿੱਚ ਧਾਰਮਿਕ ਚਿੰਨ੍ਹਾਂ ਦੀ ਬਹਿਸ ਅਜੇ ਵੀ ਜਾਰੀ ਹੋਣ ਕਾਰਨ ਵੋਟਰਜ਼ ਵੰਡੇ ਜਾ ਰਹੇ ਹਨ, ਇਸ ਦੌਰਾਨ ਮਾਂਟਰੀਅਲ ਵਿੱਚ ਆਪਣੀ ਕੈਂਪੇਨ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਦਾ ਸਾਹਮਣਾ ਇੱਕ ਅਜਿਹੇ ਵਿਅਕਤੀ ਨਾਲ ਹੋਇਆ ਜਿਸ ਨੇ ਉਨ੍ਹਾਂ ਨੂੰ ਪੱਗ ਬੰਨ੍ਹਣੀ ਬੰਦ ਕਰਨ ਦਾ ਸੁਝਾਅ ਦਿੱਤਾ।

ਜਗਮੀਤ ਸਿੰਘ ਬੁੱਧਵਾਰ ਸਵੇਰੇ ਐਟਵਾਟਰ ਮਾਰਕਿਟ ਵਿੱਚ ਦੁਕਾਨਦਾਰਾਂ ਨਾਲ ਮੁਲਾਕਾਤ ਕਰ ਰਹੇ ਸਨ ਜਦੋਂ ਇੱਕ ਵਿਅਕਤੀ ਉਨ੍ਹਾਂ ਕੋਲ ਆਇਆ ਤੇ ਉਸ ਨੇ ਉਨ੍ਹਾਂ ਦੀ ਦਿੱਖ ਬਾਰੇ ਉਨ੍ਹਾਂ ਨੂੰ ਸਲਾਹ ਦਿੱਤੀ। ਉਸ ਵਿਅਕਤੀ ਨੇ ਜਗਮੀਤ ਸਿੰਘ ਨੂੰ ਆਖਿਆ ਕਿ ਜੇ ਤੁਸੀਂ ਆਪਣੀ ਪੱਗ ਉਤਾਰ ਦਿਓਂ ਤਾਂ ਤੁਸੀਂ ਕੈਨੇਡੀਅਨ ਲੱਗਣ ਲੱਗੋਂਗੇ। ਇਸ ਉੱਤੇ ਜਗਮੀਤ ਸਿੰਘ ਨੇ ਮੁਸਕੁਰਾਉਂਦਿਆਂ ਹੋਇਆਂ ਉਸ ਵਿਅਕਤੀ ਨੂੰ ਹਲੀਮੀ ਨਾਲ ਜਵਾਬ ਦਿੱਤਾ ਕਿ ਕੈਨੇਡੀਅਨ ਹਰ ਤਰ੍ਹਾਂ ਦੇ ਲੋਕ ਲੱਗ ਸਕਦੇ ਹਨ। ਇਹੋ ਕੈਨੇਡਾ ਦੀ ਖੂਬਸੂਰਤੀ ਹੈ। ਫਿਰ ਉਸ ਵਿਅਕਤੀ ਨੇ ਕੋਈ ਹੋਰ ਗੱਲ ਜਗਮੀਤ ਸਿੰਘ ਨੂੰ ਆਖੀ ਜਿਸ ਉੱਤੇ ਉਨ੍ਹਾਂ ਆਖਿਆ ਕਿ ਉਹ ਇਸ ਨਾਲ ਸਹਿਮਤ ਨਹੀਂ ਹਨ। ...ਬਾਕੀ ਪੰਨਾ 6 'ਤੇ



Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780 905.796.7500
900 Raylawson Blvd. Unit # 6, Brampton

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


Ride Ontario's
Heritage Railway
SPECIAL RIDES
FALL COLOURS TOURS
Oct 5,6, Oct 12,13,14
& Oct 19, 20
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
TOTTENHAM
Ask about on-board Birthday Parties!
SOUTH SIMCOE
NEW TECUMSETH
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815
VISA
MasterCard
Interac


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਝੇੜਾ ਵਧ ਗਿਆ ਸੁਣੇ ਬਈ ਚੀਫੀਆਂ ਦਾ,
ਅਦਾਲਤਾਂ ਤੱਕ ਵੀ ਲੱਗੇ ਆ ਲੜਨ ਬੇਲੀ।
ਆਪਸ ਵਿੱਚ ਨਹੀਂ ਸਾਹਿਬ-ਸਲਾਮ ਹੁੰਦੀ,
ਇੱਕ-ਦੂਜੇ ਦੇ ਵਿਹੜੇ ਨਹੀਂ ਵੜਨ ਬੇਲੀ।
ਝਿਜਕਣ ਬਿਨਾਂ ਜ਼ਬਾਨਾਂ ਦੇ ਗੇਅਰ ਲੱਗਣ,
ਦੂਸ਼ਣ ਸਿਖਰ ਦਾ ਭਾਲਣ ਤੇ ਜੜਨ ਬੇਲੀ।
ਆਪਸ ਤੀਕ ਨਹੀਂ ਦੋਸ਼ਾਂ ਦੀ ਗੱਲ ਰਹਿੰਦੀ,
ਬਾਪ, ਬਾਬਾ, ਪੜਦਾਦਾ ਫਿਰ ਫੜਨ ਬੇਲੀ।
ਵਰਤਿਆ ਨਾਂਅ ਜਦ ਜਾਂਦਾ ਈ ਖਾਲਸੇ ਦਾ,
ਇਸ ਦੇ ਨਾਲ ਕਈ ਪੈਂਦੇ ਆ ਭਰਮ ਬੇਲੀ।
ਆਮ ਸਿੱਖ ਤਾਂ ਬਾਹਲੀ ਪਏ ਸ਼ਰਮ ਕਰਦੇ,
ਕਰਦੇ ਆਗੂ ਨਹੀਂ ਰਤਾ ਭਰ ਸ਼ਰਮ ਬੇਲੀ।

**ਤੀਸ ਮਾਰ ਖਾਂ**



## ਮਨਪ੍ਰੀਤ ਇਯਾਲੀ ਦੀ ਮੱਦਦ ਲਈ ਗੋਲੂ ਇਯਾਲੀ ਟੋਰਾਂਟੋ ਤੋਂ ਰਵਾਨਾ

ਹਲਕਾ ਦਾਖਾ ਤੋਂ ਐੱਮ.ਐਲ.ਏ. ਲਈ ਜ਼ਿਮਨੀ ਚੋਣ 21 ਅਕਤੂਬਰ ਨੂੰ ਹੋਣ ਜਾ ਰਹੀ ਹੈ। ਇਸ ਹਲਕੇ 'ਚ ਐੱਨ.ਆਰ.ਆਈ. ਲੋਕਾਂ ਵੱਲੋਂ ਅਕਾਲੀ ਦਲ ਬਾਦਲ ਦੇ ਉਮੀਦਵਾਰ ਮਨਪ੍ਰੀਤ ਇਯਾਲੀ ਨੂੰ ਜਿਤਾਉਣ ਲਈ ਪੂਰੀ ਮੱਦਦ ਕੀਤੀ ਜਾ ਰਹੀ ਹੈ। ਟੋਰਾਂਟੋ ਦੀ ਜਾਣੀ ਪਹਿਚਾਣੀ ਸ਼ਖਸੀਅਤ ਤੇ ਇਸ ਹਲਕੇ 'ਚ ਆਪਣਾ ਨਾਮ ਬਣਾ ਚੁੱਕੇ ਗੋਲੂ ਇਯਾਲੀ ਨੂੰ ਕੱਲ੍ਹ ਬਰੈਂਪਟਨ ਦੇ ਵੱਖ ਵੱਖ ਸਮਜ ਸੇਵੀਆਂ ਵਲੋਂ ਗੋਲੂ ਇਯਾਲੀ ਨੂੰ ਮਨਪ੍ਰੀਤ ਇਯਾਲੀ ਦੀ ਮੱਦਦ ਲਈ ਪੰਜਾਬ ਜਾਣ ਲਈ ਨਿੱਘੀ ਵਿਦਾਇਗੀ ਦਿੱਤੀ ਗਈ। ਗੋਲੂ ਇਯਾਲੀ ਨੇ ਦੱਸਿਆ ਕਿ ਇਸ ਹਲਕੇ 'ਚ 108 ਪਿੰਡ ਹਨ। ਹਰ ਇਕ ਪਿੰਡ ਵਿਚੋਂ ਕੋਈ ਨਾ ਕੋਈ ਟੋਰਾਂਟੋ ਤੇ ਆਸਪਾਸ ਦੇ ਇਲਾਕੇ 'ਚ ਵਸਦਾ ਹੈ। ਸਾਰਿਆਂ ਦੀ ਇਹੋ ਹੀ ਆਵਾਜ਼ ਹੈ ਕਿ ਅਸੀਂ ਮਨਪ੍ਰੀਤ ਇਯਾਲੀ ਨੂੰ ਮੁੜ ਵਿਧਾਨਸਭਾ 'ਚ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਸਬੰਧੀ ਪਹਿਲਾਂ ਵੀ ਸਮਾਗਮ ਹੋ ਚੁੱਕੇ ਹਨ। ਪੂਰੇ ਨਾਰਥ ਅਮਰੀਕਾ 'ਚ ਇਸ ਹਲਕੇ ਦੇ ਐਨ.ਆਰ.ਆਈ. ਮਨਪ੍ਰੀਤ ਇਯਾਲੀ ਦੀ ਮੱਦਦ ਲਈ ਪੱਬਾਂਭਾਰ ਹੋ ਚੁੱਕੇ ਹਨ। ਕੱਲ੍ਹ ਦੇ ਸਮਾਗਮ 'ਚ ਜਸਵੀਰ ਸਿੰਘ ਢੱਟ, ਭਗਵਾਨ ਸਿੰਘ ਗਿੱਲ, ਜਗਰਾਜ ਸਿੰਘ ਸਿੱਧੂ, ਗੁਰਪ੍ਰੇਮ ਬੋਪਾਰਾਏ, ਜਸਵਿੰਦਰ ਸਿੰਘ ਬੈਨੀਪਾਲ, ਪਰਮਿੰਦਰ ਸਿੰਘ, ਬਿੱਟੂ ਸਹੋਤਾ, ਹਾਈਇੰਡ ਬਾਡੀਸ਼ਾਪ ਤੋਂ ਗੁਰਮਿੰਦਰ ਸਿੰਘ ਮਾਂਗਟ, ਰਜਿੰਦਰ ਸਿੰਘ ਸਹੋਤਾ, ਰਾਜ ਤੇ ਜਗਦੀਸ਼ ਗਰੇਵਾਲ ਉਚੇਚੇ ਤੌਰ 'ਤੇ ਸ਼ਾਮਿਲ ਹੋਏ।

## ਪ੍ਰਧਾਨ ਮੰਤਰੀ ਮੋਦੀ ਦਾ ਐਲਾਨ: ਦਿਹਾਤੀ ਭਾਰਤ ਖੁੱਲ੍ਹੇ ਥਾਂ ਟਾਇਲੇਟ ਕਰਨ ਤੋਂ ਮੁਕਤ ਹੋ ਗਿਐ

ਅਹਿਮਦਾਬਾਦ, 2 ਅਕਤੂਬਰ, (ਪੋਸਟ ਬਿਊਰੋ)- ਮਹਾਤਮਾ ਗਾਂਧੀ ਦੀ 150ਵੀਂ ਜੈਅੰਤੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਗੁਜਰਾਤ ਵਿੱਚ ਹਨ। ਉਨ੍ਹਾਂ ਨੇ ਸਾਬਰਮਤੀ ਦੇ ਤੱਟ ਤੋਂ ਮਹਾਤਮਾ ਗਾਂਧੀ ਤੇ ਸਾਦਗੀ ਅਤੇ ਸਦਾਚਾਰ ਦੇ ਪ੍ਰਤੀਕ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਪ੍ਰਣਾਮ ਕੀਤਾ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਰਕਾਰ ਨੇ ਜਿਹੜਾ 'ਜਲ ਜੀਵਨ ਮਿਸ਼ਨ' ਸ਼ੁਰੂ ਕੀਤਾ ਹੈ, ਉਸ ਨਾਲ ਇਸ ਦੇਸ਼ ਨੂੰ ਮਦਦ ਮਿਲੇਗੀ। ਘਰਾਂ, ਪਿੰਡਾਂ ਅਤੇ ਆਪਣੀਆਂ ਕਾਲੋਨੀਆਂ ਵਿੱਚ ਵਾਟਰ ਰੀਚਾਰਜ ਲਈ, ਵਾਟਰ ਰੀਸਾਈਕਲਿੰਗ ਲਈ ਅਸੀਂ ਜੋ ਯਤਨ ਕਰ ਸਕਦੇ ਹਾਂ, ਉਹ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪਿੰਡ, ਗ਼ਰੀਬ ਅਤੇ ਔਰਤਾਂ ਦੀ ਸਵੈ-ਨਿਰਭਰਤਾ ਅਤੇ ਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਇਹੀ ਮਾਡਲ ਮਹਾਤਮਾ ਗਾਂਧੀ ਚਾਹੁੰਦੇ ਸਨ, ਇਹੀ ਗਾਂਧੀ ਦੇ ਸਵਰਾਜ ਦਾ ਮੂਲ ਸਿਧਾਂਤਸੀ, ਇਸੇ ਲਈ ਉਨ੍ਹਾਂ ਨੇ ਆਪਣਾ ਜੀਵਨ ਸਮਰਪਤ ਕੀਤਾ ਸੀ। ਮੋਦੀ ਨੇ ਕਿਹਾ ਕਿ ਸਾਡੀ ਇਸ ਸਫਲਤਾ ਤੋਂ ਦੁਨੀਆ ਹੈਰਾਨ ਹੈ। ਅੱਜ ਪੂਰੀ ਦੁਨੀਆ ਸਾਨੂੰ ਇਸ ਲਈ ਸਨਮਾਨਿਤ ਕਰ



ਰਹੀ ਹੈ। ਕੇਵਲ 60 ਮਹੀਨਿਆਂ ਵਿੱਚ 60 ਕਰੋੜ ਤੋਂ ਵੱਧ ਆਬਾਦੀ ਨੂੰ ਟਾਇਲੇਟਸ ਦੀ ਸਹੂਲਤ ਦੇਣੀ, 11 ਕਰੋੜ ਤੋਂ ਵੱਧ ਟਾਇਲੇਟਸ ਬਣਾਉਣੇ ਸੁਣ ਕੇ ਦੁਨੀਆ ਹੈਰਾਨ ਹੈ। ਮੋਦੀ ਨੇ ਕਿਹਾ ਕਿ ਅੱਜ ਦਿਹਾਤੀ ਭਾਰਤ ਨੇ ਅਤੇ ਇਸ ਦੇ ਪਿੰਡਾਂ ਨੇ ਖ਼ੁਦ ਨੂੰ ਖੁੱਲ੍ਹੇ ਥਾਂ ਟਾਇਲੇਟ ਕਰਨਤੋਂ ਮੁਕਤ ਕਰ ਲਿਆ ਹੈ। ਸਵੈ-ਇੱਛਾ ਨਾਲ, ਸਵੈ-ਪ੍ਰੇਰਨਾ ਨਾਲ ਅਤੇ ਆਮ ਲੋਕਾਂ ਦੀ ਹਿੱਸੇਦਾਰੀ ਨਾਲ ਚੱਲਦੇ 'ਸਵੱਛ ਭਾਰਤ' ਦੀ ਇਹ ਸ਼ਕਤੀ ਵੀ ਹੈ ਅਤੇ ਸਫਲਤਾ ਦਾ ਸਰੋਤ ਵੀ ਹੈ।

## ਐਮੇਜ਼ੌਨ ਨੇ ਬੋਲਟਨ ਵਿਚ ਖੋਲ੍ਹਿਆ ਨਵਾਂ ਫੁੱਲਫਿੱਲਮੈਂਟ ਸੈਂਟਰ



ਓਨਟਾਰੀਓ, 2 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਐਮੇਜ਼ੌਨ ਵੱਲੋਂ ਬੋਲਟਨ, ਓਨਟਾਰੀਓ ਵਿੱਚ ਆਪਣਾ ਨਵਾਂ ਫੁੱਲਫਿੱਲਮੈਂਟ ਸੈਂਟਰ ਖੋਲ੍ਹਿਆ ਗਿਆ। ਇਸ ਮੌਕੇ ਐਮੇਜ਼ੌਨ ਵੱਲੋਂ 800 ਫੁੱਲ ਟਾਈਮ ਸੀਜ਼ਨਲ ਜੌਬਜ਼ ਦਾ ਐਲਾਨ ਵੀ ਕੀਤਾ। ਇਸ ਫੈਸਿਲਿਟੀ ਉੱਤੇ ਕੰਮ ਕਰਨ ਵਾਲੇ ਲੋਕ ਬੁੱਕਜ਼, ਬੱਚਿਆਂ ਲਈ ਖਿਡੌਣੇ ਤੇ ਹੋਰ ਇਲੈਕਟ੍ਰੌਨਿਕਸ ਦਾ ਸਾਮਾਨ ਆਦਿ ਆਪਣੇ ਕਸਟਮਰਜ਼ ਲਈ ਪੈਕ ਕਰਕੇ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਕਰਨਗੇ।

ਐਮੇਜ਼ੌਨ ਦੇ ਇਸ ਬੋਲਟਨ ਫੁੱਲਫਿੱਲਮੈਂਟ ਸੈਂਟਰ ਦੇ ਜਨਰਲ ਮੈਨੇਜਰ ਅੰਸ਼ੁਮਨ ਕੁਮਾਰ ਨੇ ਆਖਿਆ ਕਿ ਅਸੀਂ ਬੋਲਟਨ ਤੇ ਨਾਲ ਲੱਗਦੀਆਂ ਕਮਿਊਨਿਟੀਜ਼ ਤੋਂ ਹੀ 800 ਨਵੇਂ ਐਸੋਸਿਏਟਜ਼ ਨੂੰ ਆਪਣੇ ਨਾਲ ਜੋੜਨ ਲਈ ਕਾਫੀ ਖੁਸ਼ ਹਾਂ। ਇਸ ਕੰਮ ਲਈ ਹਾਇਰ ਕੀਤੇ ਜਾਣ ਵਾਲੇ ਸਾਰੇ ਨਵੇਂ ਮੁਲਾਜ਼ਮਾਂ ਨੂੰ ਸ਼ੁਰੂਆਤੀ ਭੱਤਾ 15.75 ਡਾਲਰ ਦਿੱਤਾ ਜਾਵੇਗਾ ਤੇ ਇਸ ਦੇ ਨਾਲ ਹੀ 1500 ਡਾਲਰ ਸਾਈਨਿੰਗ ਬੋਨਸ ਵੀ ਦਿੱਤਾ ਜਾਵੇਗਾ। ਜਿਹੜੇ ਮੁਲਾਜ਼ਮ ਘੱਟੋ ਘੱਟ 40 ਘੰਟੇ ਕੰਮ ਕਰਨਗੇ ਉਹ ਓਵਰਟਾਈਮ ਤੇ ਹਾਲੀਡੇਅ ਪੇਅ ਲਈ ਯੋਗ ਹੋਣਗੇ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਐਮੇਜ਼ੌਨ ਦੀ ਸਾਈਟ amazon.com/torontojobs ਉੱਤੇ ਜਾਇਆ ਜਾ ਸਕਦਾ ਹੈ।

ਪਹਿਲੇ ਦਿਨ ਆਪਣੇ ਮੁਲਾਜ਼ਮਾਂ ਦੀ ਨੌਕਰੀ ਦੇ ਜਸ਼ਨ ਮਨਾਉਣ ਲਈ ਬੋਲਟਨ ਫੁੱਲਫਿੱਲਮੈਂਟ ਸੈਂਟਰ ਵਿਖੇ ਐਮੇਜ਼ੌਨ ਲੀਡਰਸ਼ਿੱਪ ਟੀਮ ਵੱਲੋਂ 180 ਐਸੋਸਿਏਟਸ ਤੇ ਟੀਮ ਮੈਂਬਰਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਲੀਡਰਸ਼ਿੱਪ ਟੀਮ ਵੱਲੋਂ ਪ੍ਰੈਜ਼ੈਂਟੇਸ਼ਨ ਦਿੱਤੀ ਗਈ ਤੇ ਕੇਕ ਵੀ ਕੱਟਿਆ ਗਿਆ। ਇਸ ਫੈਸਿਲਿਟੀ ਤੋਂ ਪਹਿਲਾਂ ਐਮੇਜ਼ੌਨ ਦੇ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਤੇ ਅਲਬਰਟਾ ਵਿੱਚ ਅਜਿਹੇ ਫੁੱਲਫਿੱਲਮੈਂਟ ਸੈਂਟਰ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਅਕਾਲੀ ਦਲ ਦਾ ਹਰਿਆਣਾ 'ਚ ਚੌਟਾਲਿਆਂ ਨਾਲ ਸਮਝੌਤਾ ਸਿਰੇ ਚੜ੍ਹਿਆ

*** ਸਾਰੇ ਪਾਸੇ ਦੌੜਾਂ ਲਾਉਣ ਪਿੱਛੋਂ ਪੁਰਾਣੀ ਸਾਂਝ ਵੱਲ ਮੁੜੇ**

ਚੰਡੀਗੜ੍ਹ, 2 ਅਕਤੂਬਰ, (ਪੋਸਟ ਬਿਊਰੋ)- ਭਾਜਪਾ ਵੱਲੋਂ ਹਰਿਆਣਾ ਨੂੰ ਝਾੜ ਕੇ ਪਾਸੇ ਕਰ ਦੇਣ ਪਿੱਛੋਂ ਅਕਾਲੀ ਦਲ ਨੇ ਇੱਕ ਵਾਰ ਫਿਰ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨਾਲ ਮਿਲ ਕੇ ਚੋਣਾਂ ਲੜਨ ਲਈ ਸਮਝੌਤਾ ਕੀਤਾ ਹੈ। ਇਨੈਲੋ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ 50 ਸਾਲ ਪੁਰਾਣੀ ਯਾਰੀ ਨਾਲ ਭਾਜਪਾ ਨੂੰ ਝਟਕਾ ਦਿੰਦੇ ਹੋਏ ਇਕੱਠੇ ਚੋਣਾਂ ਲੜਨ ਦਾ ਇਹ ਫ਼ੈਸਲਾ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਅਕਾਲੀ ਦਲ ਅਤੇ ਇਨੈਲੋ ਪਾਰਟੀ ਦੇ ਸਮਝੌਤੇ ਮੁਤਾਬਕ ਹਰਿਆਣਾ ਵਿੱਚਅਕਾਲੀ ਦਲ ਹਲਕਾਕਾਲਿਆਂਵਾਲੀ, ਰਤੀਆ, ਗੂਹਲਾ ਚੀਕਾ, ਪਿਹੋਵਾ ਤੇ ਅੰਬਾਲਾ ਸਿਟੀ ਦੀਆਂ 5 ਸੀਟਾਂ ਤੋਂ ਆਪਣੇ ਉਮੀਦਵਾਰ ਖੜੇ ਕਰੇਗਾ ਤੇ ਬਾਕੀ ਸਭ ਸੀਟਾਂ ਉੱਤੇ ਇਨੈਲੋ ਉਮੀਦਵਾਰਾਂ ਦੀ ਮਦਦ ਕਰੇਗਾ। ਇਸ ਸਮਝੌਤੇ ਦੀ ਪੁਸ਼ਟੀ ਕਰਦੇ ਹੋਏ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਚੌਟਾਲਾ ਪਰਿਵਾਰਨਾਲ ਅਕਾਲੀ ਦਲ ਅਤੇ ਬਾਦਲ ਪਰਵਾਰ ਦਾ ਪੁਰਾਣਾ ਰਿਸ਼ਤਾ ਹੈ ਤੇ ਇਹ ਅੱਗੇ ਹੋਰ ਵੀ ਗੂੜ੍ਹਾ ਹੋਵੇਗਾ।ਦੋਵੇਂ ਪਾਰਟੀਆਂ ਦੀ ਸੀਨੀਅਰ ਲੀਡਰਸ਼ਿਪ ਦੀ ਕੱਲ੍ਹ ਹੋਈ ਮੀਟਿੰਗ ਵਿਚ ਅਕਾਲੀ ਦਲ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਲਵਿੰਦਰ ਸਿੰਘ ਭੂੰਦੜ, ਸਿਕੰਦਰ ਸਿੰਘ ਮਲੂਕਾ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਡਾ. ਦਲਜੀਤ ਸਿੰਘ ਚੀਮਾ ਤੇ ਦੂਜੇ ਪਾਸੇ ਇਨੈਲੋ ਪਾਰਟੀ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਅਤੇ ਅਭੈ ਸਿੰਘ ਚੌਟਾਲਾ ਹਾਜ਼ਰ ਸਨ। ਦੂਸਰੀ ਮੀਟਿੰਗ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਇਨੈਲੋ ਦੇ ਸੀਨੀਅਰ ਆਗੂ ਅਭੈ ਸਿੰਘ ਚੌਟਾਲਾ ਵਿਚਾਲੇ ਹੋਈ ਤਾਂ ਪੰਜ ਸੀਟਾਂਅਕਾਲੀ ਦਲ ਨੂੰ ਦੇਣ ਦਾ ਫ਼ੈਸਲਾ ਹੋ ਗਿਆ। ਅਕਾਲੀ ਦਲ ਨੇ ਰਤੀਆ ਵਿਧਾਨ ਸਭਾ ਹਲਕੇ ਤੋਂ ਕੁਲਵਿੰਦਰ ਸਿੰਘ ਕੁਨਾਲ ਅਤੇ ਗੂਹਲਾ ਚੀਕਾ ਹਲਕੇ ਤੋਂ ਰਾਮ ਕੁਮਾਰ ਵਾਲਮੀਕੀ ਨੂੰ ਉਮੀਦਵਾਰ ਐਲਾਨਿਆ ਹੈ।ਕਾਲਿਆਂਵਾਲੀ ਤੋਂਇਕ ਦਿਨ ਪਹਿਲਾਂ ਭਾਜਪਾ ਛੱਡ ਕੇ ਆਏ ਰਾਜਿੰਦਰ ਸਿੰਘ ਦੇਸੂ ਜੋਧਾ ਨੂੰ ਅਕਾਲੀ ਦਲ ਨੇ ਆਪਣਾ ਉਮੀਦਵਾਰ ਬਣਾਇਆ ਹੈ।

# ਮਨਜੀਤ ਸਿੰਘ ਜੀਕੇ ਨੇ 'ਜਾਗੋ ਪਾਰਟੀ' ਬਣਾ ਧਰੀ

*** ਦਿੱਲੀ ਵਿੱਚ ਬਾਦਲ ਦਲ ਤੇ ਸਰਨਾ ਭਰਾਵਾਂ ਨੂੰ ਚੁਣੌਤੀ ਦੇਣਗੇ**




ਨਵੀਂ ਦਿੱਲੀ, 2 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਦੀ ਸਿੱਖ ਸਿਆਸਤ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਦਿੱਲੀ ਦੀ ਸਿੱਖ ਸਿਆਸਤ ਵਿੱਚ ਅਹਿਮ ਥਾਂ ਰੱਖਣ ਵਾਲੇ ਸਰਨਾ ਭਰਾਵਾਂ ਨੂੰ ਚੁਣੌਤੀ ਦੇਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ 'ਜਾਗੋ' ਨਾਂ ਦੀਨਵੀਂ ਪਾਰਟੀ ਬਣਾਈ ਹੈ।

ਗ੍ਰੇਟਰ ਕੈਲਾਸ਼ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਕੀਤੇ ਸਮਾਗਮ ਵਿਚ ਕੀਰਤਨ ਤੇ ਅਰਦਾਸ ਤੋਂ ਬਾਅਦ ਅੱਜ ਬੁੱਧਵਾਰ ਇਸ ਪਾਰਟੀ ਦਾ ਐਲਾਨ ਕੀਤਾ ਗਿਆ ਹੈ, ਜਿਸ ਦਾ ਪੂਰਾ ਨਾਂ 'ਜੱਗ ਆਸਰਾ ਗੁਰੂ ਓਟ' (ਜਥੇਦਾਰ ਸੰਤੋਖ ਸਿੰਘ) ਹੋਵੇਗਾ। ਗੁਰੂ ਨਾਨਕ ਦੇਵ ਖਾਲਸਾ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਹਰਮੀਤ ਸਿੰਘ ਨੂੰ ਇਸ ਨਵੀਂ ਪਾਰਟੀ ਦਾ ਸਰਪ੍ਰਸਤ ਬਣਾਇਆ ਗਿਆ ਅਤੇ ਮਨਜੀਤ ਸਿੰਘ ਜੀਕੇ ਇਸ ਪਾਰਟੀ ਦੇ ਪ੍ਰਧਾਨ ਹੋਣਗੇ।ਉਨ੍ਹਾਂ ਕਿਹਾ ਕਿ ਪਾਰਟੀ ਲਈ ਨੌਜਵਾਨ ਵਿੰਗ, ਮਹਿਲਾ ਵਿੰਗ, ਧਰਮ-ਪ੍ਰਚਾਰ ਤੇ ਬੁੱਧੀਜੀਵੀ ਵਿੰਗ ਦੇ ਪ੍ਰਧਾਨਾਂ ਦੇ ਨਾਂ ਛੇਤੀ ਹੀ ਐਲਾਨੇ ਜਾਣਗੇ, ਪਰਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਤਰਨਪ੍ਰੀਤ ਕੌਰ ਨੂੰ ਵਿਦਿਆਰਥੀ ਇਕਾਈ ਦਾ ਪ੍ਰਧਾਨ ਐਲਾਨ ਕਰ ਦਿੱਤਾ ਗਿਆ ਹੈ। ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਸੰਗਠਨ ਦੇ ਪੱਖ ਤੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 46 ਵਾਰਡਾਂ ਨੂੰ ਪੰਜ ਜ਼ਿਲ੍ਹਿਆਂ ਵਿਚ ਵੰਡਿਆ ਗਿਆ ਅਤੇ ਦਿੱਲੀ ਵਿਚ ਇਸ ਪਾਰਟੀ ਦੇ 10 ਹਜ਼ਾਰ ਸਰਗਰਮ ਮੈਂਬਰ ਬਣਾਉਣ ਦਾ ਟੀਚਾ ਰੱਖਿਆ ਹੈ। ਆਨਲਾਈਨ ਤੇ ਆਫਲਾਈਨ ਦੋਵੇਂ ਤਰ੍ਹਾਂ ਮੈਂਬਰ ਬਣਾਏ ਜਾਣਗੇ, ਜਿਸ ਦੀ ਸੋਸ਼ਲ ਮੀਡੀਆਤੋਂ ਵੀ ਇਸ ਦੀ ਮੁਹਿੰਮ ਚਲਾਉਣਗੇ। ਉਨ੍ਹਾਂ ਕਿਹਾ ਕਿ ਪੰਥਕ ਪਾਰਟੀ ਹੋਣ ਕਾਰਨ ਇਸ ਦਾ ਉਦੇਸ਼ ਦੇਸ਼-ਵਿਦੇਸ਼ ਵਿਚਲੇ ਸਿੱਖਾਂ ਦੀ ਆਵਾਜ਼ ਬਣ ਕੇ ਕੌਮ ਦੀ ਬਿਹਤਰੀ ਲਈ ਕੰਮ ਕਰਨਾ ਹੋਵੇਗਾ।ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਸਿਆਸੀ ਅਕਸ ਧੁੰਦਲਾ ਕਰਨ ਦੀ ਸਾਜ਼ਿਸ਼ ਰਚੀ ਗਈ ਸੀ, ਪਰ ਛੇਤੀ ਹੀ ਸਾਜ਼ਿਸ਼ ਰਚਣ ਵਾਲੇ ਬੇਨਕਾਬ ਹੋ ਜਾਣਗੇ। ਮਨਜੀਤ ਸਿੰਘ ਜੀ ਕੇ ਕਿਹਾ ਕਿ ਇਹ ਪਾਰਟੀ ਰਾਜਸੀ ਸਰਗਰਮੀਆਂ ਦੀ ਥਾਂ ਸਿਰਫ਼ ਪੰਥਕ ਕੰਮਾਂ ਵਿਚ ਸ਼ਾਮਿਲ ਹੋਵੇਗੀ।

ਵਰਨਣ ਯੋਗ ਹੈ ਕਿ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਾਏ ਜਾਣ ਪਿੱਛੋਂਬੀਤੇ ਫਰਵਰੀ ਵਿਚ ਮਨਜੀਤ ਸਿੰਘ ਜੀ ਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਅਸਤੀਫਾ ਦੇ ਦਿੱਤਾ ਸੀ ਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਅਕਾਲੀ ਦਲ ਬਾਦਲ ਵਿਚੋਂ ਵੀ ਬਾਹਰ ਨਿਕਲਣਾ ਪਿਆ ਸੀ।

# ਜੈ ਸ਼ੰਕਰ ਨੇ ਅਮਰੀਕੀ ਘਰੇਲੂ ਰਾਜਨੀਤੀ ਦੇ ਲਈ ਭਾਰਤ ਦਾ ਰੁਖ਼ ਨਿਰਪੱਖ ਕਿਹਾ

ਵਾਸ਼ਿੰਗਟਨ, 2 ਅਕਤੂਬਰ (ਪੋਸਟ ਬਿਊਰੋ)- ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨੇ ਕੱਲ੍ਹ ਕਿਹਾ ਕਿ ਅਮਰੀਕਾ ਦੀ ਘਰੇਲੂ ਰਾਜਨੀਤੀ ਵਿੱਚ ਭਾਰਤ ਨਿਰਪੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਹਿਊਸਟਨ ਵਿੱਚ ਹੋਈ ਹਾਊਡੀ ਮੋਦੀ ਰੈਲੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰਫ 2016 ਵਿੱਚ ਚੋਣ ਪ੍ਰਚਾਰ ਦੌਰਾਨ ਅਮਰੀਕੀ ਰਾਸ਼ਟਰਪਤੀ ਦੇ ਸਮਰਥਕਾਂ ਦੁਆਰਾ ਵਰਤੇ ਗਏ 'ਅਬ ਕੀ ਵਾਰ ਟਰੰਪ ਦੀ ਸਰਕਾਰ' ਦੇ ਨਾਅਰੇ ਦੀ ਗੱਲ ਕਰ ਰਹੇ ਸਨ।

ਵਾਸ਼ਿੰਗਟਨ ਦੇ ਤਿੰਨ ਦਿਨਾਂ ਦੌਰੇ ਉੱਤੇ ਆਏ ਜੈ ਸ਼ੰਕਰ ਨੇ ਇਸ ਗੱਲ ਤੋਂ ਬਿਲਕੁਲ ਇਨਕਾਰ ਕੀਤਾ ਕਿ ਪ੍ਰਧਾਨ ਮੰਤਰੀ ਨੇ ਸਾਲ 2020 ਦੇ ਚੋਣ ਪ੍ਰਚਾਰ ਲਈ ਟਰੰਪ ਦੀ ਉਮੀਦਵਾਰੀ ਦੀ ਹਮਾਇਤ ਕਰਨ ਵਾਸਤੇ ਅਜਿਹਾ ਕਿਹਾ ਸੀ। ਹਿਊਸਟਨ ਰੈਲੀ ਵਿੱਚ ਮੋਦੀ ਵੱਲੋਂ ਵਰਤੇ ਗਏ ਨਾਅਰੇ ਬਾਰੇ ਭਾਰਤੀ ਪੱਤਰਕਾਰਾਂ ਦੇ ਇੱਕ ਸਵਾਲ ਦਾ ਜਵਾਬ ਦੇਂਦੇ ਹੋਏ ਜੈਸ਼ੰਕਰ ਨੇ ਕਿਹਾ, 'ਨਹੀਂ, ਉਨ੍ਹਾਂ ਨੇ ਅਜਿਹਾ ਨਹੀਂ ਕਿਹਾ। ਮੇਰਾ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਨੇ ਜੋ ਕਿਹਾ, ਕਿਰਪਾ ਕਰ ਕੇ ਉਸ ਵੱਲ ਸਾਵਧਾਨੀ ਨਾਲ ਧਿਆਨ ਦੇਵੋ। ਮੇਰੀ ਯਾਦਾਸ਼ਤ ਦੇ ਅਨੁਸਾਰ ਪ੍ਰਧਾਨ ਮੰਤਰੀ ਨੇ ਜੋ ਕਿਹਾ ਉਹ ਟਰੰਪ (ਇਸ ਵਾਰ ਟਰੰਪ ਸਰਕਾਰ) ਵੱਲੋਂ ਵਰਤੇ ਗਏ ਸਨ। ਇਸੇ ਲਈ ਪ੍ਰਧਾਨ ਮੰਤਰੀ ਬੀਤੇ ਸਮੇਂ ਦੀ ਗੱਲ ਕਰ ਰਹੇ ਸਨ।' ਵਿਦੇਸ਼ ਮੰਤਰੀ ਨੇ ਕਿਹਾ, ਮੇਰਾ ਮੰਨਣਾ ਹੈ ਕਿ ਜੋ ਗੱਲ ਕਹੀ ਗਈ ਸੀ ਉਸ ਦਾ ਸਾਨੂੰ ਗਲਤ ਅਰਥ ਨਹੀਂ ਕੱਢਣਾ ਚਾਹੀਦਾ।

# ਟਰੰਪ ਵੱਲੋਂ ਵਿਰੋਧੀ ਧਿਰ ਨੂੰ ਧਮਕੀ, 'ਮਹਾਦੋਸ਼ ਨਾਲ ਅਮਰੀਕਾ ਅੰਦਰ ਗ੍ਰਹਿ ਯੁੱਧ ਹੋਵੇਗਾ'



ਵਾਸ਼ਿੰਗਟਨ, 2 ਅਕਤੂਬਰ, (ਪੋਸਟ ਬਿਊਰੋ)- ਅਮਰੀਕੀ ਕਾਂਗਰਸ (ਪਾਰਲੀਮੈਂਟ ਦਾ ਹੇਠਲਾ ਸਦਨ) ਵੱਲੋਂ ਆਪਣੇ ਦੇਸ਼ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਮਹਾਦੋਸ਼ ਕਾਰਵਾਈ ਦੀ ਜਾਂਚ ਨੂੰ ਤੇਜ਼ ਕਰਨ ਦੇ ਦੌਰਾਨ ਟਰੰਪ ਨੇ ਇਸ ਨੂੰ ਤਖਤਾ-ਪਲਟ ਕਰਾਰ ਦਿੱਤਾ ਹੈ। ਇਸ ਬਾਰੇ ਟਰੰਪ ਨੇ ਉਹ ਚਿਤਾਵਨੀ ਰੀ-ਟਵੀਟ ਕੀਤੀ ਹੈ, ਜਿਸ ਵਿੱਚਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਉੱਤੇ ਦੇਸ਼ ਵਿੱਚ 'ਗ੍ਰਹਿ ਯੁੱਧ' ਛਿੜ ਸਕਦਾ ਹੈ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਉੱਤੇ ਦੋਸ਼ ਹੈ ਕਿ ਸਾਲ2020 ਦੀਆਂ ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਉਨ੍ਹਾਂ ਦੇ ਪ੍ਰਮੁੱਖ ਵਿਰੋਧੀ ਬਣ ਸਕਣ ਵਾਲੇ ਜੋ ਬਿਡੇਨ ਨੂੰ ਨਿਸ਼ਾਨਾ ਬਣਾਉਣ ਲਈ ਉਨ੍ਹਾਂ ਨੇ ਯੂਕ੍ਰੇਨ ਦੇ ਰਾਸ਼ਟਰਪਤੀ ਤੋਂਯੂਰਕੇਨ ਦੇ ਰਾਸ਼ਟਰਪਤੀ ਨੂੰ ਆਖਿਆਸੀ। ਇਸ ਬਾਰੇ ਕਾਂਗਰਸ ਦੇ ਡੈਮੋਕ੍ਰੇਟ ਮੈਂਬਰਾਂ ਨੇ ਹੋਰਸਖਤ ਰੁਖ ਧਾਰਨ ਕਰ ਲਿਆ ਹੈ।ਅੱਗੋਂ ਡੋਨਾਲਡ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੇ ਯੂਕ੍ਰੇਨ ਨੇਤਾ ਵੋਲੋਦਿਮੀਰ ਜੈਲੇਂਸਕੀ ਨਾਲ ਫੋਨ ਉੱਤੇ ਗੱਲ ਕਰ ਕੇ ਕੁਝ ਵੀ ਗਲਤ ਨਹੀਂ ਕੀਤਾ। ਬੁੱਧਵਾਰ ਨੂੰ ਡੋਨਾਲਡ ਟਰੰਪ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਵੀ ਸਹਾਰਾ ਮਿਲ ਗਿਆ, ਜਿਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਟਰੰਪ ਅਤੇ ਯੂਕ੍ਰੇਨੀ ਰਾਸ਼ਟਰਪਤੀ ਦੀ ਗੱਲਬਾਤ ਵਿੱਚ ਕੁਝ ਗਲਤ ਨਹੀਂ ਲੱਗਦਾ। ਟਰੰਪ ਨੇ ਬੀਤੇ ਮੰਗਲਵਾਰ ਆਪਣੇ ਟਵੀਟ ਵਿੱਚਕਿਹਾ ਸੀ ਕਿ ਇਹ ਮਹਾਦੋਸ਼ ਨਹੀਂ, ਸਗੋਂ ਤਖਤਾ ਪਲਟ ਹੈ ਅਤੇ ਇਸ ਦੇ ਪਿੱਛੇ ਜਨਤਾ ਦੀ ਸ਼ਕਤੀ, ਉਨ੍ਹਾਂ ਦੀ ਰਾਏ ਅਤੇ ਉਨ੍ਹਾਂ ਦੀ ਆਜ਼ਾਦੀ ਖੋਹਣ ਦਾ ਸ਼ੱਕ ਹੈ। ਯੂਕ੍ਰੇਨ ਦੇ ਰਾਸ਼ਟਰਪਤੀ ਨਾਲ ਇਸ ਗੱਲਬਾਤ ਦਾ ਖੁਲਾਸਾ ਕਰਨ ਵਾਲੇ ਵਿਅਕਤੀ ਨੂੰ ਜਾਸੂਸ ਕਰਾਰ ਦੇਣ ਦੇ ਨਾਲਟਰੰਪ ਨੇ ਉਸ ਦੀ ਪਛਾਣ ਜਨਤਕ ਕਰਨ ਦੀ ਧਮਕੀ ਦਿੱਤੀ ਹੈ, ਜਦ ਕਿ ਅਮਰੀਕਾ ਵਿੱਚ ਲੋਕ-ਹਿਤ ਵਾਸਤੇ ਜਾਣਕਾਰੀ ਜਨਤਕ ਕਰਨ ਵਾਲਿਆਂ ਦੀ ਸੁਰੱਖਿਆ ਵਾਸਤੇ ਕਾਨੂੰਨ ਮੌਜੂਦਹੈ।ਟਰੰਪ ਨੇ ਕਿਹਾ ਕਿ ਮਹਾਦੋਸ਼ ਜਾਂਚ ਦੀ ਅਗਵਾਈ ਕਰ ਰਹੇ ਜਾਂਚ ਅਧਿਕਾਰੀ ਤੇ ਇਸ ਸਦਨ ਦੀ ਖੁਫੀਆ ਮਾਮਲਿਆਂ ਦੀ ਕਮੇਟੀ ਦੇ ਪ੍ਰਧਾਨ ਐਡਮ ਸ਼ਿਫ ਨੂੰ ਰਾਜ-ਧ੍ਰੋਹ ਦੇ ਦੋਸ਼ ਲਈ ਗ੍ਰਿਫਤਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾ ਨੇ ਚਿਤਾਵਨੀ ਰੀ-ਟਵੀਟ ਕੀਤੀ ਕਿ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣਦੇ ਨਾਲਇਸ ਦੇਸ਼ ਵਿੱਚ ਗ੍ਰਹਿ ਯੁੱਧ ਛਿੜ ਸਕਦਾ ਹੈ।

ਇਸ ਦੇ ਬਾਵਜੂਦ ਸ਼ਿਫ ਅਤੇ ਸਦਨ ਦੇ ਡੈਮੋਕ੍ਰੇਟ ਮੈਂਬਰ ਹਮਲਾਵਰ ਤਰੀਕੇ ਨਾਲ ਇਸ ਸੋਚਦੇ ਲਈ ਅੱਗੇ ਵਧ ਰਹੇ ਹਨ ਅਤੇ ਅਗਲੇ ਹਫਤੇ ਬੰਦ ਕਮਰੇ ਵਿੱਚ ਇਸ ਦੀ ਸੁਣਵਾਈ ਸ਼ੁਰੂ ਹੋਵੇਗੀ। ਇਸ ਦੌਰਾਨ ਮੀਡੀਆ ਰਿਪੋਰਟ ਹੈ ਕਿ ਯੂਕ੍ਰੇਨ ਵਿੱਚ ਅਮਰੀਕਾ ਦੇ ਸਾਬਕਾ ਵਿਸ਼ੇਸ਼ ਦੂਤ ਕੁਰਤ ਵੋਲਕਰ ਵੀਰਵਾਰ ਨੂੰ ਮਹਾਦੋਸ਼ ਜਾਂਚ ਕਮੇਟੀ ਅੱਗੇ ਪੇਸ਼ ਹੋਣਗੇ ਅਤੇ 11 ਅਕਤੂਬਰ ਨੂੰ ਕੀਵ ਵਿੱਚ ਸਾਬਕਾ ਅਮਰੀਕੀ ਰਾਜਦੂਤ ਮਾਰੀ ਯੋਵਾਨੋਵਿਚ ਨੂੰ ਸੱਦਿਆ ਗਿਆ ਹੈ।

# ਆਸਟ੍ਰੇਲੀਅਨ ਪ੍ਰਧਾਨ ਮੰਤਰੀ ਵੱਲੋਂ ਸਫਾਈ: ਟਰੰਪ ਨੇ ਫ਼ੋਨ ਉੱਤੇ ਦਬਾਅ ਨਹੀਂ ਬਣਾਇਆ

ਸਿਡਨੀ, 2 ਅਕਤੂਬਰ, (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਪਿਛਲੇ ਮਹੀਨੇ ਫੋਨ ਉੱਤੇ ਹੋਈ ਗੱਲਬਾਤ ਉੱਤੇ ਸਫਾਈ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਟਰੰਪ ਨਾਲ ਫ਼ੋਨ ਉੱਤੇ ਥੋੜ੍ਹੀ ਜਿਹੀ ਅਤੇ ਸਪੱਸ਼ਟ ਗੱਲ ਹੋਈ ਸੀ ਅਤੇ ਉਨ੍ਹਾਂ ਨੇ ਕੋਈ ਦਬਾਅ ਨਹੀਂ ਬਣਾਇਆ।

ਕਿਹਾ ਜਾਂਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੀਆਂ ਰਾਸ਼ਟਰਪਤੀ ਚੋਣਾਂ ਵਿਚ ਰੂਸੀ ਦਖ਼ਲ ਦੇ ਕੇਸ ਦੀ ਜਾਂਚ ਵਿੱਚ ਆਸਟ੍ਰੇਲੀਆ ਤੋਂ ਮਦਦ ਮੰਗਣ ਲਈ ਵੀ ਫ਼ੋਨ ਕੀਤਾ ਸੀ। ਅਮਰੀਕਾ ਦੇ ਵਿਸ਼ੇਸ਼ ਵਕੀਲ ਰਾਬਰਟ ਮੂਲਰ ਨੇ ਇਸ ਕੇਸ ਦੀ ਜਾਂਚ ਪੂਰੀ ਕਰ ਕੇ ਪਿਛਲੀ ਮਾਰਚ ਵਿਚ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਦਿੱਤੀ ਸੀ। ਉਸ ਦੇ ਬਾਅਦ ਨਿਆਂ ਵਿਭਾਗ ਇਸ ਕੇਸ ਵਿਚ ਹੋਰ ਅੱਗੇ ਦੀ ਜਾਂਚ ਕਰ ਰਿਹਾ ਹੈ।

ਸਥਾਨਕ ਮੀਡੀਆ ਅਨੁਸਾਰ ਸਕਾਟ ਮੌਰੀਸਨ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਨਾਲ ਫ਼ੋਨ ਉੱਤੇ ਹੋਈ ਗੱਲਬਾਤ ਬਾਰੇ ਅੱਜ ਬੁੱਧਵਾਰ ਪਹਿਲੀ ਵਾਰ ਕਿਹਾ, 'ਬੇਹੱਦ ਥੋੜ੍ਹੀ ਅਤੇ ਸਪੱਸ਼ਟ ਗੱਲ ਹੋਈ ਸੀ ਅਤੇ ਅਜਿਹਾ ਕੁਝ ਨਹੀਂ ਸੀ, ਜਿਸ ਨੂੰ ਮੈਂ ਦਬਾਅ ਪਾਉਣ ਵਾਲਾ ਕਹਿ ਸਕਾਂ। ਰਾਸ਼ਟਰਪਤੀ ਨੇ ਆਸਟ੍ਰੇਲੀਅਨ ਸਰਕਾਰ ਤੇ ਅਮਰੀਕੀ ਅਟਾਰਨੀ ਦੇ ਵਿਚਕਾਰ ਸੰਪਰਕ ਲਈ ਮੈਨੂੰ ਫੋਨ ਕੀਤਾ ਸੀ। ਮੈਂ ਖ਼ੁਸ਼ ਹਾਂ, ਕਿਉਂਕਿ ਅਸੀਂਏਦਾਂ ਕਰਨ ਲਈ ਵਚਨਬੱਧਤਾ ਪਹਿਲਾ ਹੀ ਪ੍ਰਗਟ ਕਰ ਚੁੱਕੇ ਹਾਂ'।ਇਸ ਤਰ੍ਹਾਂ ਇਹੋ ਜਿਹੀ ਸਫਾਈ ਵੀ ਅਧੂਰੀ ਜਾਪਦੀ ਹੈ।

ਦੂਸਰੇ ਪਾਸੇ ਅਮਰੀਕਾ ਦੇ ਅਖ਼ਬਾਰ ਨਿਊਯਾਰਕ ਟਾਈਮਜ਼ ਨੇ ਇੱਕ ਖ਼ਬਰ ਵਿਚ ਕਿਹਾ ਹੈ ਕਿ ਡੋਨਾਲਡ ਟਰੰਪ ਨੇ ਫ਼ੋਨ ਕਰ ਕੇ ਮੌਰੀਸਨ ਨੂੰ ਅਮਰੀਕਾ ਦੇ ਅਟਾਰਨੀ ਵਿਲੀਅਮ ਬਾਰ ਤੇ ਨਿਆਂ ਵਿਭਾਗ ਵੱਲੋਂ ਚੱਲਦੀ ਜਾਂਚਲਈ ਸਹਿਯੋਗ ਕਰਨ ਨੂੰ ਕਿਹਾ ਹੈ। ਟਰੰਪ ਨੂੰ ਆਸ ਹੈ ਕਿ ਇਸ ਜਾਂਚ ਨਾਲ ਮੂਲਰ ਦੀ ਰਿਪੋਰਟ ਭਰੋਸੇਯੋਗ ਹੋ ਜਾਵੇਗੀ। ਸਭ ਨੂੰ ਪਤਾ ਹੈ ਕਿ ਅਮਰੀਕੀ ਵਕੀਲ ਮੂਲਰ ਦੀ ਜਾਂਚ ਵਿੱਚ ਆਸਟ੍ਰੇਲੀਆ ਦੇ ਸਾਬਕਾ ਵਿਦੇਸ਼ ਮੰਤਰੀ ਅਲੈਕਜੈਂਡਰ ਡਾਊਨਰ ਦੇ ਕਾਰਨ ਤੇਜ਼ੀ ਆਈ ਸੀ। 2016 ਵਿਚ ਡਾਊਨਰ ਬ੍ਰਿਟੇਨ ਵਿਚ ਆਸਟ੍ਰੇਲੀਆ ਦੇ ਡਿਪਲੋਮੇਟ ਸਨ ਤੇ ਓਦੋਂ ਡਾਊਨਰ ਨੇ ਟਰੰਪ ਦੀ ਚੋਣ ਮੁਹਿੰਮ ਦੇ ਨੇੜਲੇ ਸਾਥੀ ਰਹੇ ਜਾਰਜ ਪਾਪਾਡੋਪੋਲੋਸ ਨੂੰ ਕਿਹਾ ਸੀ ਕਿ ਰੂਸ ਕੋਲ ਹਿਲੇਰੀ ਕਲਿੰਟਨ ਦੀ ਦਿੱਖਵਿਗਾੜ ਸਕਣਵਾਲੀ ਜਾਣਕਾਰੀ ਹੈ। ਰਾਸ਼ਟਰਪਤੀ ਚੋਣਾਂ ਵਿਚ ਹਿਲੇਰੀ ਓਦੋਂ ਡੋਨਾਲਡ ਟਰੰਪ ਦੇ ਵਿਰੋਧ ਦੀ ਮੁੱਖ ਉਮੀਦਵਾਰ ਸੀ, ਪਰ ਉਹ ਇਸ ਚੋਣ ਵਿੱਚ ਹਾਰ ਗਈ ਸੀ।

# ਮਾਮਲਾ ਜਾਇਦਾਦ ਦਾ: ਕਾਂਗਰਸੀ ਉਮੀਦਵਾਰ ਰਮਿੰਦਰ ਆਵਲਾ ਨੇ ਕੈਪਟਨ ਅਮਰਿੰਦਰ ਤੇ ਬਾਦਲ ਵੀ ਪਛਾੜੇ

ਫਾਜ਼ਿਲਕਾ, 2 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚਾਰਉੱਪ ਚੋਣਾਂਦੇ ਦੌਰਾਨ ਜਲਾਲਾਬਾਦ ਤੋਂ ਕਾਂਗਰਸ ਉਮੀਦਵਾਰ ਰਮਿੰਦਰ ਸਿੰਘ ਆਵਲਾਦੀ ਅਮੀਰੀ ਕਾਰਨ ਉਨ੍ਹਾਂ ਦੀ ਹਰ ਥਾਂ ਚਰਚਾ ਹੋ ਰਹੀ ਹੈ।

ਬੀਤੇ ਸੋਮਵਾਰ ਨਾਮਜ਼ਦਗੀ ਪੱਤਰ ਭਰਨ ਦੇ ਵਕਤਰਮਿੰਦਰ ਸਿੰਘ ਆਵਲਾਨੇ ਆਪਣੀ ਅਤੇ ਪਤਨੀ ਦੀ ਸਮੁੱਚੀ ਜਾਇਦਾਦ ਦਾ ਜਿਹੜਾ ਐਲਾਨ ਕੀਤਾ, ਉਸ ਮੁਤਾਬਕਇਹ ਜਾਇਦਾਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਤੋਂਵੱਧ ਹੈ ਅਤੇਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਵੀ ਜਾਇਦਾਦਪੱਖੋਂ ਪਛਾੜ ਦਿੱਤਾ ਗਿਆ ਹੈ। ਰਮਿੰਦਰ ਸਿੰਘ ਆਵਲਾਵੱਲੋਂਐਲਾਨ ਕੀਤੀ ਜਾਇਦਾਦ ਵਿੱਚਉਹ ਭਾਜਪਾ ਦੇ ਮੈਂਬਰ ਪਾਰਲੀਮੈਂਟ ਸੰਨੀ ਦਿਓਲ, ਕਾਂਗਰਸ ਆਗੂ ਰਾਣਾ ਗੁਰਜੀਤ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵਰਗੇ ਅਮੀਰ ਆਗੂਆਂ ਨੂੰ ਪਿੱਛੇ ਛੱਡ ਗਏ ਹਨ।

ਜਲਾਲਾਬਾਦ ਵਿਧਾਨ ਸਭਾ ਸੀਟ ਦੇ ਰਿਟਰਨਿੰਗ ਅਫਸਰ ਨੂੰ ਪੇਸ਼ ਕੀਤੇ ਐਫੀਡੇਵਿਟ ਵਿੱਚ ਕਾਂਗਰਸੀ ਉਮੀਦਵਾਰ ਰਮਿੰਦਰ ਆਵਲਾ ਨੇ ਆਪਣੀ ਪਤਨੀ ਨੀਤੂ ਆਵਲਾ ਦੀ ਜਾਇਦਾਦ ਨਾਲ ਮਿਲਾ ਕੇ ਆਪਣੀ ਕੁੱਲ ਜਾਇਦਾਦ 234 ਕਰੋੜ 83 ਲੱਖ 23 ਹਜ਼ਾਰ ਰੁਪਏ ਦੱਸੀ ਹੈ। ਉਨ੍ਹਾਂ ਕੋਲ ਕੁੱਲ 102 ਕਰੋੜ 10 ਲੱਖ 99 ਹਜ਼ਾਰ ਦੀ ਤੇ ਉਨ੍ਹਾਂ ਦੀ ਪਤਨੀ ਨੀਤੂ ਕੋਲ 132 ਕਰੋੜ 72 ਲੱਖ 24 ਹਜ਼ਾਰ ਦੀ ਜਾਇਦਾਦ ਹੈ। ਇਸ ਤੋਂ ਇਲਾਵ-ਆਵਲਾ ਪਰਿਵਾਰ ਕੋਲ 48 ਕਰੋੜ 96 ਲੱਖ 95 ਹਜ਼ਾਰ ਅਤੇ ਉਨ੍ਹਾਂ ਦੇ ਪੁੱਤਰ ਦੀ 8.44 ਲੱਖ ਰੁਪਏ ਦੀ ਜਾਇਦਾਦ ਹੈ। ਆਵਲਾ ਉੱਤੇ 16 ਕਰੋੜ 3 ਲੱਖ ਰੁਪਏ ਬੈਂਕਾਂ ਦੀ ਦੇਣਦਾਰੀ ਵੀ ਹੈ ਅਤੇ ਕਰੀਬ 11 ਕਰੋੜ ਰੁਪਏ ਕਰਜ਼ਾ ਉਨ੍ਹਾਂ ਦੀ ਪਤਨੀਦੇ ਨਾਂ ਵੀ ਹੈ।

ਇਸ ਤੋਂ ਪਹਿਲਾਂ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਖੰਡ ਮਿੱਲਾਂ ਦੇ ਮਾਲਕ ਰਾਣਾ ਗੁਰਜੀਤ ਸਿੰਘ ਦੀ ਚਰਚਾਛਿੜੀ ਸੀ। ਉਨ੍ਹਾਂ ਆਪਣੀ ਤੇ ਪਤਨੀ ਦੀ ਕੁੱਲ ਚਲ-ਅਚਲ ਜਾਇਦਾਦ 169.88 ਕਰੋੜ ਰੁਪਏ ਐਲਾਨ ਕੀਤੀ ਸੀ ਤੇਅਬੋਹਰ ਤੋਂ ਕਾਂ-ਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਖ਼ਿਲਾਫ਼ ਆਜ਼ਾਦ ਲੜਨ ਵਾਲੇ ਸ਼ਰਾਬ ਕਾਰੋਬਾਰੀ ਸ਼ਿਵ ਲਾਲ ਡੋਡਾ ਨੇ ਆਪਣੀ ਜਾਇਦਾਦ 141.85 ਕਰੋੜ ਰੁਪਏ ਦੀ ਐਲਾਨ ਕੀਤੀ ਸੀ। ਕਾਂਗਰਸ ਪਾਰਟੀ ਦੀ ਮਹਿਲਾ ਆਗੂ ਕਰਨ ਕੌਰ ਬਰਾੜ ਨੇ ਆਪਣੀ ਜਾਇਦਾਦ 119.69 ਕਰੋੜ ਰੁਪਏ ਦੱਸੀ ਸੀ।



ਜਲਾਲਾਬਾਦ ਤੋਂ ਇਸ ਵਾਰੀ ਚੋਣ ਲੜ ਰਹੇ ਰਮਿੰਦਰ ਸਿੰਘ ਆਵਲਾਅਤੇ ਉਨ੍ਹਾਂ ਦੇ ਪਰਵਾਰ ਦੀ ਕੁੱਲ ਜਾਇਦਾਦ 234 ਕਰੋੜ ਰੁਪਏ ਹੈ। ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਹਰਸਿਮ-ਰਤ ਕੌਰ ਨੇ ਪਿਛਲੀਆਂ ਚੋਣਾਂ ਵਿੱਚ 217 ਕਰੋੜ ਰੁਪਏ ਦੀ ਕੁੱਲ ਜਾਇਦਾਦ ਦੱਸੀ ਸੀ। ਇਸ ਬਾਰੇ ਚੋਣ ਐਫੀਡੇਵਿਟਸ ਵਿੱਚ ਸੁਖਬੀਰ ਸਿੰਘ ਕੋਲ 76 ਕਰੋੜ ਅਤੇ ਹਰਸਿਮਰਤ ਕੌਰ ਦੇ ਕੋਲ 24.18 ਕਰੋੜ ਦੀ ਜਾਇਦਾਦ ਐਲਾਨੀ ਗਈ ਸੀ। ਬਾਦਲ ਜੋੜੀ ਨੇ ਬੈਂਕ ਬੈਲੇਂਸ ਅਤੇ ਨਿਵੇਸ਼ ਵਿੱਚ ਵੀ 100 ਕਰੋੜ ਰੁਪਏ ਜਾਇਦਾਦ ਦੱਸੀ ਸੀ।ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਚੋਣ ਐਫੀਡੇਵਿਟ ਵਿੱਚ ਆਪਣੀ ਤੇ ਪਤਨੀ ਪ੍ਰਨੀਤ ਕੌਰ ਦੀ ਸਮੁੱਚੀ ਜਾਇਦਾਦ 86 ਕਰੋੜ 33 ਲੱਖ ਰੁਪਏ ਦੱਸੀ ਸੀ। ਅਮਰਿੰਦਰ ਸਿੰਘ ਨੇ ਆਪਣੇ ਕੋਲ 48 ਕਰੋੜ 29 ਲੱਖ ਅਤੇ ਬਾਕੀ ਜਾਇਦਾਦ ਆਪਣੀ ਪਤਨੀ ਵੱਲੋਂ ਸ਼ਾਮਲ ਕੀਤੀ ਸੀ। ਇਹ ਵੀ ਕਿ ਇਸ ਜ਼ਮੀਨ ਦੇ ਭਾਅ ਵਿੱਚ ਕਮੀ ਕਾਰਨ ਪਹਿਲਾਂ ਦੇ ਮੁਕਾਬਲੇ ਘੱਟ ਜਾਇਦਾਦ ਦੱਸੀ ਗਈ ਸੀ।ਜਲਾਲਾਬਾਦ ਤੋਂਇਸ ਵਾਰੀ ਕਾਂਗਰਸ ਪਾਰਟੀ ਦਾ ਉਮੀਦਵਾਰ ਬਣਾਏ ਗਏ ਰਮਿੰਦਰ ਆਵਲਾ ਇਸ ਵੇਲੇ ਪੰਜਾਬ ਦੇ ਸਭ ਤੋਂ ਅਮੀਰ ਉਮੀਦਵਾਰਾਂ ਦੀ ਸੂਚੀ ਵਿੱਚ ਸ਼ਾਮਲ ਹੋਏ ਹਨ। ਉਹ ਮੂਲ ਰੂਪ ਵਿੱਚ ਗੁਰੂਹਰਸਹਾਇ ਦੇ ਵਾਸੀ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol CELL: 416-993-7378
Broker 7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**MISSISSAUGA $975**



**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**

Photo Not Available

**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**



**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**



**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000**



**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**

Photo Not Available

**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**

Photo Not Available

**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**



**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900**



**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000**

Photo Not Available

**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000**

Photo Not Available

**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**



**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**



**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**



**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**



**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**



**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਜ਼ਿਲ੍ਹੇ ਦੇ 100 ਪ੍ਰਤੀਸ਼ਤ ਨਤੀਜਿਆਂ ਵਾਲੇ ਅਧਿਆਪਕ ਸਨਮਾਨਿਤ



ਫਰੀਦਕੋਟ, 2 ਅਕਤੂਬਰ (ਗਿਆਨ ਸਿੰਘ): ਪੰਜਾਬ ਸਰਕਾਰ ਵੱਲੋਂ ਰਾਜ ਦੇ 100 ਪ੍ਰਤੀਸ਼ਤ ਨਤੀਜੇ ਦੇਣ ਵਾਲੇ ਮਿਹਨਤੀ ਅਧਿਆਪਕਾਂ ਅਤੇ ਸੈਲਫ ਸਮਾਰਟ ਸਕੂਲ ਬਣਾਉਣ ਵਾਲੇ ਸਕੂਲਾਂ ਦੇ ਮੁਖੀਆਂ ਨੂੰ ਸਨਮਾਨਿਤ ਕਰਨ ਲਈ ਆਰੰਭ ਕੀਤੀ ਲੜੀ ਤਹਿਤ ਅੱਜ ਜਿਲ੍ਹਾ ਫਰੀਦਕੋਟ ਦੇ 1100 ਅਧਿਆਪਕਾਂ ਨੂੰ ਸਨਮਾਨਿਤ ਕਰਨ ਲਈ ਤਾਜ ਪੈਲੇਸ ਫਰੀਦਕੋਟ ਵਿਖੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਇਸ ਮੌਕੇ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਸਕੱਤਰ ਕ੍ਰਿਸ਼ਨ ਕੁਮਾਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਅਧਿਆਪਕਾਂ ਨੂੰ ਸਨਮਾਨਿਤ ਕਰਨ ਤੋਂ ਪਹਿਲਾਂ ਕਿਹਾ ਕਿ ਰਾਜ ਦੇ ਸਮੂਹ ਮਿਹਨਤੀ ਅਧਿਆਪਕਾਂ ਨੂੰ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਹੈ, ਕਿਉਂ ਕਿ ਬੀਤੇ ਵਰ੍ਹੇ ਦੌਰਾਨ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਨਤੀਜਾ ਪ੍ਰਾਈਵੇਟ ਸਕੂਲਾਂ ਨਾਲੋਂ ਵਧੀਆ ਰਿਹਾ। ਜਿਸ ਦਾ ਸਿਹਰਾ ਰਾਜ ਦੇ ਸਰਕਾਰੀ ਸਕੂਲਾਂ ਦੇ ਮਿਹਨਤੀ ਅਧਿਆਪਕਾਂ ਦੇ ਸਿਰ ਬੱਝਦਾ ਹੈ ਜਿੰਨਾਂ ਨੇ ਬੱਚਿਆਂ ਨੂੰ ਤਿਆਰੀ ਕਰਵਾ ਕੇ ਇਸ ਕਾਬਿਲ ਬਣਾਇਆ। ਉਹਨਾਂ ਕਿਹਾ ਕਿ 27 ਸਤੰਬਰ ਤੋਂ ਰਾਜ ਅੰਦਰ ਸ਼ਤ ਪ੍ਰਤੀਸ਼ਤ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਸਿੱਖਿਆ ਖੇਤਰ ਵਿੱਚ 100 ਪ੍ਰਤੀਸ਼ਤ ਨਤੀਜੇ ਦਿੱਤੇ ਜਾਣਗੇ ਅਤੇ ਰਾਜ ਦੇ ਸਕੂਲਾਂ ਨੂੰ ਹੋਰ ਖੂਬਸੂਰਤ ਬਣਾਉਣ ਲਈ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਉਹਨਾਂ ਕਿਹਾ ਕਿ ਵਿਭਾਗ ਵੱਲੋਂ ਜਾਰੀ ਕੀਤੀਆਂ ਜਾਂਦੀਆਂ ਸਕੀਮਾਂ ਤੇ ਜਿਸ ਬੇਟੀ ਦੀ ਤਸਵੀਰ ਲੱਗੀ ਹੋਈ ਹੈ ਬਾਰੇ ਅਕਸਰ ਲੋਕ ਇਹ ਕਹਿੰਦੇ ਸਨ ਕਿ ਇਹ ਬੱਚੀ ਪ੍ਰਾਈਵੇਟ ਸਕੂਲ ਦੀ ਹੈ। ਉਹਨਾਂ ਕਿਹਾ ਕਿ ਮੈਨੂੰ ਇਹ ਗੱਲ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਇਹ ਬੱਚੀ ਜਿਸ ਨੂੰ ਵਿਭਾਗ ਦੀ ਅੰਮਬੈਸਡਰ ਬਣਾਇਆ ਗਿਆ ਹੈ ਉਹ ਫਰੀਦਕੋਟ ਜਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਾੜਾ ਭਾਈ ਕਾ ਦੀ ਵਿਦਿਆਰਥਣ ਜਸ਼ਨੀਤ ਕੌਰ ਹੈ। ਉਹਨਾਂ ਕਿਹਾ ਕਿ ਅੱਜ ਫਰੀਦਕੋਟ ਜਿਲ੍ਹੇ ਦੇ 100 ਪ੍ਰਤੀਸ਼ਤ ਰਿਜਲਟ ਵਾਲੇ ਅਤੇ ਸੈਲਫ ਸਮਾਰਟ ਸਕੂਲ ਬਣਾਉਣ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕਰਦੇ ਹੋਏ ਖੁਸ਼ੀ ਮਹਿਸੂਸ ਹੋ ਰਹੀ ਹੈ। ਉਹਨਾਂ ਸਮੂਹ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਾੜਾ ਭਾਈ ਕਾ ਵਿਜਿਟ ਜਰੂਰ ਕਰਨ। ਉਹਨਾਂ ਅਧਿਆਪਕਾਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਬਹੁਤ ਸਾਰੇ ਸਕੂਲਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ ਕਿ ਅਧਿਆਪਕਾਂ ਨੇ ਜੁਲਾਈ ਮਹੀਨੇ ਤੋਂ ਐਕਟਰਾ ਕਲਾਸਾਂ ਸ਼ੁਰੂ ਕੀਤੀਆਂ ਹੋਈਆਂ ਹਨ। ਇਸ ਮੌਕੇ ਉਹਨਾਂ ਸਮੂਹ ਸਕੂਲ ਮੁਖੀਆਂ ਨੂੰ ਅਪੀਲ ਕੀਤੀ ਕਿ ਈ-ਕੰਨਟੈਂਟ ਰਾਹੀਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਹੋਰ ਸੁਹਿਰਦਤਾ ਨਾਲ ਯਤਨ ਕੀਤੇ ਜਾਣ।

ਇਸ ਮੌਕੇ ਬਲਜੀਤ ਕੌਰ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਫਰੀਦਕੋਟ ਨੇ ਸਭ ਨੂੰ ਜੀ ਆਇਆਂ ਨੂੰ ਆਖਦਿਆਂ ਫਰੀਦਕੋਟ ਜਿਲ੍ਹੇ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਕਮਲਜੀਤ ਤਾਹੀਮ ਜਿਲ੍ਹਾ ਸਿੱਖਿਆ ਅਫਸਰ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੇ ਸਭ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਜਿੰਮੇਵਾਰੀ ਜਸਬੀਰ ਸਿੰਘ ਸਹਾ. ਜਿਲ੍ਹਾ ਗਾਈਡੈਂਸ ਕਾਊਂਸਲਰ ਨੇ ਬਾਖੂਬੀ ਨਿਭਾਈ। ਇਸ ਪ੍ਰੋਗਰਾਮ ਦੀ ਸਫਲਤਾ ਵਾਸਤੇ ਸਹਾਇਕ ਡਾਇਰੈਕਟਰ ਟ੍ਰੇਨਿੰਗਾਂ, ਡਾ.ਜਰਨੈਲ ਸਿੰਘ ਕਾਲੇਕੇ, ਅਮਰਜੀਤ ਸਿੰਘ ਏ.ਐੱਸ.ਪੀ.ਡੀ, ਬਲਵਿੰਦਰ ਸੈਣੀ ਏ.ਐੱਸ.ਪੀ.ਡੀ, ਸੰਜੀਵ ਭੂਸ਼ਣ ਏ.ਐੱਸ.ਪੀ.ਡੀ, ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਫ਼ਤਹਿਗੜ੍ਹ ਸਾਹਿਬ ਦੀਦਾਰ ਸਿੰਘ, ਪ੍ਰਦੀਪ ਦਿਓੜਾ, ਜਸਮਿੰਦਰ ਸਿੰਘ ਹਾਂਡਾ ਦੋਹੇਂ ਉਪ ਜਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਫਰੀਦਕੋਟ, ਧਰਮਵੀਰ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਫਰੀਦਕੋਟ, ਰਾਜਿੰਦਰ ਸਿੰਘ ਚਾਨੀ ਸਿੱਖਿਆ ਬੁਲਾਰਾ, ਮਨਦੀਪ ਸਿੰਘ ਮੀਡੀਆ, ਮੇਜਰ ਸਿੰਘ ਮੀਡੀਆ ਬਲਬੀਰ ਸਿੰਘ ਸਿੱਧੂ ਮੀਡੀਆ , ਡਾਇਟ ਪ੍ਰਿੰਸੀਪਲ ਹਰੀਸ਼ ਕੁਮਾਰ, ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਮਨਦੀਪ ਸਿੰਘ ਢਿੱਲੋਂ, ਜ਼ਿਲ੍ਹਾ ਮੈਂਟਰ ਅੰਗਰੇਜ਼ੀ ਸੁਰਿੰਦਰ ਸਚਦੇਵਾ, ਜ਼ਿਲ੍ਹਾ ਮੈਂਟਰ ਮੈਥ ਸੁਨੀਲ ਕੁਮਾਰ, ਜ਼ਿਲ੍ਹਾ ਮੈਂਟਰ ਸਾਇੰਸ ਬਿਹਾਰੀ ਲਾਲ, ਬਲਾਕ ਮੈਂਟਰਜ਼ ਅੰਗਰੇਜ਼ੀ ਜਸਜੀਤ ਸਿੰਘ, ਹਰਜਿੰਦਰ ਸਿੰਘ, ਵਿਕਾਸ, ਅਰੁਣ ਕੁਮਾਰ, ਜਸਵਿੰਦਰ ਸੰਧੂ, ਬਲਾਕ ਮੈਂਟਰਜ਼ ਸਾਇੰਸ ਗੌਰਵ ਧਵਨ, ਅਸ਼ੀਮ ਕੁਮਾਰ, ਬਸੰਤ ਪ੍ਰਤਾਪ, ਵਿਕਾਸ ਭਾਰਤੀ, ਧੀਰਜ ਕੁਮਾਰ, ਬਲਾਕ ਮੈਂਟਰਜ਼ ਮੈਥ ਪ੍ਰਕਾਸ਼ ਚੰਦ, ਦੀਪਕ ਸਿੰਘ, ਜਗਦੀਪ ਕੁਮਾਰ, ਫਨੀਸ਼ ਕੁਮਾਰ ,ਨਰਿੰਦਰ ਸ਼ਰਮਾ, ਸਤਿਗੁਰ ਸਿੰਘ, ਅਮਰੀਕ ਸਿੰਘ ਸੰਧੂ, ਅਮ੍ਰਿਤਪਾਲ ਸਿੰਘ, ਦਲਵਿੰਦਰ ਸਿੰਘ, ਮਨਜੀਤ ਸਿੰਘ ਟਹਿਣਾ ਨੇ ਅਹਿਮ ਭੂਮਿਕਾ ਅਦਾ ਕੀਤੀ।

# 27 ਸਾਲ ਜੇਲ੍ਹ ਕੱਟਣ ਵਾਲੇ ਵਰਿਆਮ ਸਿੰਘ ਦੇ ਇਲਾਜ ਲਈ ਪੰਥਕ ਧਿਰਾਂ ਅਤੇ ਸਰਕਾਰ ਅੱਗੇ ਆਵੇ : ਬਲਵੰਤ ਸਿੰਘ ਰਾਮੂੰਵਾਲੀਆ



ਲੁਧਿਆਣਾ, 2 ਅਕਤੂਬਰ (ਗਿਆਨ ਸਿੰਘ): ਹੋਰ ਸਿੱਖ ਕੈਦੀਆਂ ਨਾਲ 27 ਸਾਲ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਸਜ਼ਾ ਕੱਟਣ ਵਾਲੇ ਭਾਈ ਵਰਿਆਮ ਸਿੰਘ ਦੀ ਸਿਹਤਯਾਬੀ ਲਈ ਸਾਬਕਾ ਕੇਂਦਰੀ ਮੰਤਰੀ ਸ੍ਰ. ਬਲਵੰਤ ਸਿੰਘ ਰਾਮੂੰਵਾਲੀਆ ਨੇ ਪੰਥਕ ਧਿਰਾਂ ਅਤੇ ਪੰਜਾਬ ਸਰਕਾਰ ਨੂੰ ਮਦਦ ਦੀ ਅਪੀਲ ਕੀਤੀ ਹੈ।

ਇਸ ਸੰਬੰਧੀ ਅੱਜ ਪ੍ਰੈੱਸ ਬਿਆਨ ਜਾਰੀ ਕਰਦਿਆਂ ਰਾਮੂੰਵਾਲੀਆ ਨੇ ਕਿਹਾ ਕਿ ਜਿਸ ਵਰਿਆਮ ਸਿੰਘ ਬਾਰੇ ਪੰਜਾਬ ਸਰਕਾਰ ਉਸ ਨੂੰ ਜੇਲ੍ਹ ਵਿਚੋਂ ਰਿਹਾਅ ਕਰਨ ਲਈ ਹੁਣ ਕੇਂਦਰ ਸਰਕਾਰ ਨੂੰ ਸਿਫਾਰਸ਼ ਕਰ ਰਹੀ ਹੈ ਉਸ ਭਾਈ ਵਰਿਆਮ ਸਿੰਘ ਨੂੰ ਉਨ੍ਹਾਂ ਨੇ ਉਤਰ ਪ੍ਰਦੇਸ਼ ਦੇ ਜੇਲ੍ਹ ਮੰਤਰੀ ਹੁੰਦਿਆਂ ਨਵੰਬਰ 2015 ਵਿੱਚ ਹੀ ਰਿਹਾਅ ਕਰ ਦਿੱਤਾ ਸੀ ਤੇ ਉਸ ਦੀ ਸਾਰੀ ਸਜ਼ਾ ਪੂਰੀ ਤਰ੍ਹਾਂ ਮੁਆਫ ਕਰ ਦਿੱਤੀ ਸੀ। ਇਥੋਂ ਤੱਕ ਕਿ 27 ਸਾਲ ਜੇਲ੍ਹ 'ਚ ਰਹਿਣ ਸਮੇਂ ਭਾਈ ਵਰਿਆਮ ਸਿੰਘ ਦਾ ਪਰਿਵਾਰ ਅਤਿ ਦੀ ਭਿਆਨਕ ਗਰੀਬੀ ਵਿੱਚ ਰੁਲ ਰਿਹਾ ਸੀ, ਉਨ੍ਹਾਂ ਨੇ ਹੀ ਉਸ ਦੀ ਲਗਾਤਾਰ ਮਦਦ ਕੀਤੀ, ਉਸ ਦਾ ਉਜੜਿਆ ਘਰ ਬਣਵਾਇਆ।

ਸ੍ਰ. ਰਾਮੂੰਵਾਲੀਆ ਨੇ ਕਿਹਾ ਕਿ ਉਨ੍ਹਾਂ ਦੀ ਪਤਨੀ ਸ਼ਵਿੰਦਰ ਕੌਰ ਕੈਂਸਰ ਨਾਲ ਚਾਰ ਸਾਲ ਬੀਮਾਰ ਰਹਿ ਕੇ ਸਵਰਗਵਾਸ ਹੋਈ। ਉਸ ਦੀ ਦਵਾਈ ਲਈ ਵੀ ਮਦਦ ਉਨ੍ਹਾਂ ਨੇ ਕੀਤੀ।ਹੁਣ ਭਾਈ ਵਰਿਆਮ ਸਿੰਘ ਕੈਂਸਰ ਨਾਲ ਬਹੁਤ ਬੁਰੀ ਹਾਲਤ ਵਿੱਚ ਅਥਾਹ ਆਰਥਿਕ ਗਰੀਬੀ ਵਿੱਚ ਖੁਦ ਵੀ ਬਰੇਲੀ ਹਸਪਤਾਲ ਦਾਖਲ ਸਨ ਪਰ ਕਿਸੇ ਵੀ ਪੰਥਕ ਧਿਰ ਜਾਂ ਸਰਕਾਰ ਤੋਂ ਕੋਈ ਮਦਦ ਨਹੀਂ ਮਿਲ ਰਹੀ।ਕੁਝ ਮੱਦਦ ਕੁਝ ਸਾਲ ਪਹਿਲਾਂ ਇੰਗਲੈਂਡ ਦੀ ਸੰਗਤ ਨੇ ਕੀਤੀ ਸੀ।

ਰਾਮੂਵਾਲੀਆ ਨੇ ਵਿਸ਼ਵ ਭਰ ਦੀਆਂ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਭਾਈ ਵਰਿਆਮ ਸਿੰਘ ਨੂੰ ਇਲਾਜ ਲਈ ਅਪਣਾਉਣ ਤੇ ਟੀਮਾਂ ਬਣਾ ਕੇ ਇਸ ਕੁਰਬਾਨੀ ਵਾਲੇ ਪਰਿਵਾਰ ਦੀ ਮਦਦ ਕਰਨ।ਉਨ੍ਹਾਂ ਕਿਹਾ ਕਿ ਜਦ ਅੱਜ ਪੂਰਾ ਵਿਸ਼ਵ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾ ਰਿਹਾ ਹੈ ਤਾਂ ਇਸ ਮੌਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਇੱਕ ਸਿੱਖ ਪਰਿਵਾਰ ਨਾਲ ਖੜਿਆ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮਨੁੱਖਤਾ ਦੀ ਸੇਵਾ ਅਤੇ ਲੋੜਵੰਦਾਂ ਦੀ ਮਦਦ ਕਰਨ ਦਾ ਸੰਦੇਸ਼ ਦਿੱਤਾ ਸੀ। ਜਿਸ 'ਤੇ ਸਾਨੂੰ ਅਮਲ ਕਰਕੇ ਭਾਈ ਵਰਿਆਮ ਸਿੰਘ ਦੀ ਮਦਦ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

# ਮਹਾਤਮਾ ਗਾਂਧੀ ਜੀ ਦੇ 150ਵੇਂ ਜਨਮ ਦਿਵਸ ਮੌਕੇ ਕੱਢਿਆ ਸ਼ਾਂਤੀ ਮਾਰਚ



ਮੋਗਾ, 2 ਅਕਤੂਬਰ (ਗਿਆਨ ਸਿੰਘ): ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸ-ਾਰ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ 150ਵੀ ਜਨਮ ਵਰ੍ਹੇਗੰਢ ਮੌਕੇ ਨਵੀ ਦਾਣਾ ਮੰਡੀ ਤੋ ਸ਼ਾਂਤੀ ਮਾਰਚ ਦਾ ਆਯੋਜਨ ਕੀਤਾ ਗਿਆ ਅਤੇ ਸਵੱਛ ਭਾਰਤ ਮੁਹਿੰਮ ਤਹਿਤ ਮੋਗਾ ਨੂੰ ਪਲਾ-ਸਟਿਕ ਮੁਕਤ ਕਰਨ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਸ਼ਾਂਤੀ ਮਾਰਚ ਨੂੰ ਵਿਧਾਇਕ ਮੋਗਾ ਡਾ. ਹਰਜੋਤ ਕਮਲ ਅਤੇ ਡਿਪਟੀ ਕਮਿਸ਼ਨਰ ਮੋਗਾ ਸ਼੍ਰੀ ਸੰਦੀਪ ਹੰਸ ਵੱਲੋ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਤੋ ਪਹਿਲਾਂ ਡਿਪਟੀ ਕਮਿਸ਼ਨਰ ਅਤੇ ਵਿਧਾਇਕ ਮੋਗਾ ਨੇ ਹਾਜ਼ਰ ਸਮੂਹ ਅਧਿਕਾਰੀਆਂ ਅਤੇ ਕ੍ਰਮਚਾਰੀਆਂ ਨਾਲ ਮਿਲ ਕੇ ਜ਼ਿਲ੍ਹੇ ਨੂੰ ਪਲਾਸਟਿਕ ਮੁਕਤ ਕਰਨ ਦਾ ਪ੍ਰਣ ਵੀ ਲਿਆ।

ਡਿਪਟੀ ਕਮਿਸ਼ਨਰ ਨੇ ਸ਼ਰਮਦਾਨ ਕਰਦਿਆਂ ਹੋਇਆਂ ਮੋਗਾ ਜ਼ਿਲ੍ਹੇ ਦੀ ਦਾਣਾ ਮੰਡੀ ਵਿੱਚੋ ਖੁਦ ਪਲਾਸਟਿਕ ਇਕੱਠਾ ਕਰਕੇ ਪਲਾ-ਸਟਿਕ ਹਟਾਓ ਦੇਸ਼ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਨਗਰ ਸੁਧਾਰ ਟਰਸਟ ਦੇ ਚੇਅਰਮੈਨ ਵਿਨੋਦ ਬਾਂਸਲ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ਼੍ਰੀ ਸੁਭਾਸ਼ ਚੰਦਰ ਅਤੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ਼੍ਰੀਮਤੀ ਅਨੀਤਾ ਦਰਸ਼ੀ, ਐਸ.ਡੀ.ਐਮ. ਮੋਗਾ ਨਰਿੰਦਰ ਸਿੰਘ ਧਾਲੀਵਾਲ, ਵੀ ਸ਼ਾਮਿਲ ਸਨ। ਇਸ ਸ਼ਾਤੀ ਮਾਰਚ ਵਿੱਚ ਵੱਖ ਐਨ. ਜੀ. ਓਜ਼, ਪੁਲਿਸ ਤੇ ਪ੍ਰਸਾਸ਼ਨਿਕ ਅਧਿਕਾਰੀ ਅਤੇ ਸਕੂਲੀ ਬੱਚਿਆਂ ਨੇ ਭਾਗ ਲਿਆ।

ਇਸ ਮੌਕੇ ਵਿਧਾਇਕ ਮੋਗਾ ਡਾ: ਹਰਜੋਤ ਕਮਲ ਨੇ ਲੋਕਾਂ ਨੂੰ ਗਾਂਧੀ ਜੈਯੰਤੀ ਦੇ ਸ਼ੁੱਭ ਅਵਸਰ 'ਤੇ ਮੁਬਾਰਕਵਾਦ ਦਿੰਦਿਆਂ ਕਿਹਾ ਕਿ ਮਹਾਤਮਾ ਗਾਂਧੀ ਜੀ ਨੇ ਸਾਨੂੰ ਅਹਿੰਸਾ, ਸਚਾਈ ਅਤੇ ਸ਼ਾਂਤੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੱਸਿਆ ਕਿ ਸਵੱਛ ਭਾਰਤ ਮਿਸ਼ਨ 2020 ਤਹਿਤ ਰਾਸ਼ਟਰ ਪਿਤਾ ਮਹਾਤਮਾਂ ਗਾਂਧੀ ਜੀ ਦੇ ਸਵੱਛ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪਲਾਸਟਿਕ ਹਟਾਓ ਦੇਸ਼ ਬਚਾਓ ਮੁਹਿੰਮ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਜੀ ਦੇ ਇੱਕ ਹੋਰ ਸੁਪਨਮਈ ਪ੍ਰੋਜੈਕਟ 'ਮਿਸ਼ਨ ਤੰਦਰੁਸਤ ਪੰਜਾਬ' ਤਹਿਤ ਪੰਜਾਬ ਵਾਸੀਆਂ ਨੂੰ ਸਾਫ-ਸੁਥਰਾ ਵਾਤਾਵਰਣ ਅਤੇ ਸ਼ੁੱਧ ਖਾਣ-ਪੀਣ ਦੀਆਂ ਵਸਤਾਂ ਮੁਹੱਈਆ ਕਰਨ ਲਈ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਪ੍ਰੋਜੈਕਟ ਤਹਿਤ ਮਿਲਵਾਟਖੋਰੀ ਨੂੰ ਜੜ੍ਹੋਂ ਖਤਮ ਕੀਤਾ ਜਾ ਰਿਹਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਮੋਗਾ ਜ਼ਿਲ੍ਹੇ ਨੂੰ ਪਲਾ-ਸਟਿਕ ਮੁਕਤ ਕਰਨ ਲਈ ਸਵੱਛਤਾ ਹੀ ਸੇਵਾ ਮੁਹਿੰਮ ਵਿੱਚ ਜ਼ਿਲ੍ਹਾ ਵਾਸੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਜੋ ਮੋਗਾ ਜ਼ਿਲ੍ਹੇ ਨੂੰ ਪਲਾਸਟਿਕ ਮੁਕਤ ਕੀਤਾ ਜਾ ਸਕੇ। ਉਨ੍ਹਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਪਲਾਸਟਿਕ ਗਲਣਯੋਗ ਨਾ ਹੋਣ ਕਾਰਣ ਇਸ ਤੋ ਟਾਕਸਿਕ ਗੈਸਾਂ ਤੇ ਕੈਮੀਕਲ ਉਤਪੰਨ ਹੁੰਦੇ ਹਨ ਜੋ ਸਾਡੀ ਸਿਹਤ ਲਈ ਹਾਨੀਕਾਰਕ ਸਿੱਧ ਹੋ ਕੇ ਬਿਮਾਰੀਆਂ ਦਾ ਕਾਰਣ ਬਣਦੇ ਹਨ ਅਤੇ ਵਾਤਾਵਰਨ ਨੂੰ ਵੀ ਦੂਸ਼ਿਤ ਕਰਦੇ ਹਨ।

ਇਸ ਮੌਕੇ ਹੋਰਨਾਂ ਤੋ ਇਲਾਵਾ ਐਸ.ਪੀ. ਸਥਾਨਕ, ਰਤਨ ਸਿੰਘ ਬਰਾੜ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜਗਤਾਰ ਸਿੰਘ ਸਿੱਧੂ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਰਾਜਕਿਰਨ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਚਰਨ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ) ਜਸਪਾਲ ਸਿੰਘ ਔਲਖ ਨੇ ਭਾਗ ਲਿਆ।

# ਸ਼੍ਰੋਮਣੀ ਕਮੇਟੀ ਵੱਲੋਂ ਬਾਗ 'ਚ ਬੂਟੇ ਲਾਉਣ ਦੀ ਸ਼ੁਰੂਆਤ



ਅੰਮ੍ਰਿਤਸਰ, 2 ਅਕਤੂਬਰ (ਗਿਆਨ ਸਿੰਘ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਦੇ ਵਿਚਕਾਰ ਵਾਲੀ ਜਗ੍ਹਾ 'ਤੇ 'ਗੁਰੂ ਕਾ ਬਾਗ' ਸਥਾਪਿਤ ਕਰਦਿਆਂ ਇਥੇ ਕਈ ਪ੍ਰਕਾਰ ਦੇ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਪਹਿਲਾਂ ਅਰਦਾਸ ਹੋਈ। ਬੂਟੇ ਲਗਾਉਣ ਦੀ ਸ਼ੁਰੂਆਤ ਪ੍ਰਮੁੱਖ ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਕੀਤੀ। ਵਰਨਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਗਈ ਹੈ। ਬਾਗਬਾਨੀ ਮਾਹਿਰਾਂ ਦੀ ਰਾਇ ਅਨੁਸਾਰ ਤਿਆਰ ਕੀਤੇ ਜਾ ਰਹੇ ਇਸ ਬਾਗ ਦੇ ਚੁਫੇਰੇ ਤਿੰਨ ਕਿਆਰੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿਚ ਅੱਜ ਵੱਖ-ਵੱਖ ਕਿਸਮ ਦੇ ਬੂਟੇ ਲਗਾਏ ਗਏ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਅਨੁਸਾਰ ਇਸ ਬਾਗ ਵਿਚ 400 ਕਿਸਮਾਂ ਦੇ ਬੂਟੇ ਲਗਾਏ ਜਾਣਗੇ। ਕਿਆਰੀਆਂ ਦੇ ਵਿਚਕਾਰਲੇ ਭਾਗ ਵਿਚ ਸੈਂਕੜੇ ਤਰ੍ਹਾਂ ਤੇ ਫੁੱਲ ਮਹਿਕਾਂ ਬਿਖੇਰਨਗੇ। ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਬੂਟੇ ਲਗਾਉਣ ਦੀ ਸ਼ੁਰੂਆਤ ਕਰਨ ਮੌਕੇ ਕਿਹਾ ਕਿ ਅੱਜ ਦੇ ਸਮੇਂ ਵਾਤਾਵਰਨ ਦੀ ਸ਼ੁਧਤਾ ਲਈ ਯਤਨ ਕਰਨੇ ਇਕ ਮਹਾਨ ਸੇਵਾ ਹੈ, ਜਿਸ ਵਿਚ ਹਰ ਇਕ ਨੂੰ ਹਿੱਸਾ ਪਾਉਣਾ ਚਾਹੀਦਾ ਹੈ। ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਕਿਹਾ ਕਿ ਬਾਗ ਮਾਹਿਰਾਂ ਵੱਲੋਂ ਤਿਆਰ ਕੀਤੇ ਗਏ ਨਕਸ਼ੇ ਅਨੁਸਾਰ ਬਣਾਇਆ ਜਾ ਰਿਹਾ ਹੈ। ਇਸ ਵਿਚ ਪਾਣੀ ਦੀ ਵਰਤੋਂ ਲਈ ਵੀ ਆਧੁਨਿਕ ਪ੍ਰਣਾਲੀ ਵਰਤੀ ਜਾਵੇਗੀ, ਜਿਸ ਨਾਲ ਪਾਣੀ ਦੀ ਦੁਰਵਰਤੋਂ ਤੋਂ ਬਚਾਅ ਹੋਵੇਗਾ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਇਹ ਬਾਗ ਸੰਗਤਾਂ ਲਈ ਇਕ ਪ੍ਰੇਰਣਾ ਦੇ ਰੂਪ ਵਿਚ ਹੋਵੇਗਾ। ਉਨ੍ਹਾਂ ਦੱਸਿਆ ਕਿ ਇਥੇ ਪਹਿਲਾਂ ਲੱਗੇ ਪੁਰਾਤਨ ਦਰੱਖ਼ਤਾਂ, ਬੂਟਿਆਂ ਨੂੰ ਬਿਨਾ ਨੁਕਸਾਨ ਪਹੁੰਚਾਇਆਂ ਸੁਰੱਖਿਅਤ ਰੱਖਿਆ ਜਾਵੇਗਾ। ਇਸ ਵਿਚ ਵੱਡੇ ਛਾਂਦਾ, ਫਲਦਾਰ, ਸੁਗੰਧੀ ਭਰਪੂਰ ਬੂਟੇ ਅਤੇ ਵੱਖ-ਵੱਖ ਤਰ੍ਹਾਂ ਦੇ ਫੁੱਲ ਆਦਿ ਵਿਸ਼ੇਸ਼ ਹੋਣਗੇ। ਉਨ੍ਹਾਂ ਬਾਗ ਦੀ ਵਿਉਂਤਬੰਦੀ ਸਬੰਧੀ ਦੱਸਿਆ ਕਿ ਸਭ ਤੋਂ ਪਹਿਲਾਂ ਇਕ ਵੱਡੀ ਕਿਆਰੀ ਵਿਚ ਅੰਬ, ਚਕਰੇਸੀਆ, ਕਚਨਾਰ, ਕਸੇਲ, ਚੋਰਸੀਆ ਤੇ ਮੋਲਸਰੀ ਦੇ ਬੂਟੇ ਲਗਾਏ ਜਾਣਗੇ ਅਤੇ ਇਨ੍ਹਾਂ ਹੇਠ ਕੋਰੀਅਨ ਘਾਹ ਹੋਵੇਗਾ। ਦੂਸਰੀ ਕਿਆਰੀ ਵਿਚ ਗੁਲਮੋਹਰ, ਪਲੁਮੇਰੀਆਂ ਰੂਬਰ, ਪਲੁਮੇਰੀਆਂ ਅਲਬਾ, ਹਾਰਸ਼ਿੰਗਾਰ, ਟੈਕੋਮਾ ਗੋੜੀ ਚੋੜੀ ਤੇ ਗੁਲਮੋਹਰ ਦੇ ਬੂਟੇ ਹੋਣਗੇ। ਇਸੇ ਕਿਆਰੀ ਵਿਚ ਹੀ ਦਰੱਖ਼ਤਾਂ ਦੇ ਹੇਠਾਂ ਵੱਖ-ਵੱਖ ਤਰ੍ਹਾਂ ਦੇ ਫੁੱਲ ਮਹਿਕਣਗੇ, ਜਿਸ ਵਿਚ ਗੁਲਾਮ, ਰੈਪੀਸ਼ ਪਾਪ, ਗਾਰਡੈਨੀਆ ਡੋਰਫ, ਫਾਈਕਸ਼, ਚਾਂਦਨੀ, ਬੋਟਲ ਬਰਸ਼, ਕੈਸੀਆਂ ਬਾਏ ਫਲੋਰਾ, ਬੁਗਨ ਵੈਲ, ਇਕਲੀਫਾਂ, ਡਰੈਸੀਆਨਾ ਕੁਲੋਰਾਮਾ, ਕਲੋਰੋਡੈਡਰਮ, ਹਿਬੀਕਸ, ਐਗਜੋਰਾ, ਜੈਟਰੋਫਾਂ, ਜੈਸਮੀਨ ਮੋਤੀਆਂ, ਮੋਰੱਈਆ ਅਰਜੋਟੀਕਾ, ਨੀਕਾ ਡੀਵੀਆ, ਪਲੰਮ ਬਾਗੋ, ਟੀਕੋਮਾ ਕੈਪਨਸਿਸ ਆਦਿ ਹਨ। ਤੀਸਰੀ ਕਿਆਰੀ ਵਿਚ ਵੀ ਵੱਖ-ਵੱਖ ਤਰ੍ਹਾਂ ਦੇ ਫੁੱਲ ਅਤੇ ਹੇਜ ਆਦਿ ਲਗਾਏ ਜਾਣਗੇ। ਡਾ. ਰੂਪ ਸਿੰਘ ਅਨੁਸਾਰ ਸ਼੍ਰੋਮਣੀ ਕਮੇਟੀ ਦਾ ਮੰਤਵ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨੂੰ ਹਰਿਆਵਲ ਭਰਪੂਰ, ਸੁਗੰਧਤ ਅਤੇ ਵਾਤਾ-ਅਨੁਕੂਲ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵਰਟੀਗਲ ਗਾਰਡਨ ਅਤੇ ਰੂਫ ਗਾਰਡਨ ਵੀ ਲਗਾਏ ਜਾ ਚੁੱਕੇ ਹਨ।

ਬੂਟੇ ਲਗਾਉਣ ਦੀ ਆਰੰਭਤਾ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਲੁਧਿਆਣਾ, ਪ੍ਰਦਮ ਸ੍ਰੀ ਬਾਬਾ ਸੇਵਾ ਸਿੰਘ, ਬਾਬਾ ਹਰਭਜਨ ਸਿੰਘ ਭਲਵਾਨ, ਬਾਬਾ ਬਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਬਾਵਾ ਸਿੰਘ ਗੁਮਾਨਪੁਰਾ, ਮੰਗਵਿੰਦਰ ਸਿੰਘ ਖਾਪੜਖੇੜੀ, ਬਾਬਾ ਅਵਤਾਰ ਸਿੰਘ ਧੱਤਲ, ਬਾਬਾ ਸੁਖਵਿੰਦਰ ਸਿੰਘ, ਮਹੰਤ ਗੋਪਾਲ ਸਿੰਘ ਕੋਠਾਰੀ, ਬਾਬਾ ਸੋਹਨ ਸਿੰਘ, ਮਹੰਤ ਅਮਰੀਕ ਸਿੰਘ ਆਦਿ ਮੌਜੂਦ ਸਨ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

TransExpert ALWAYS DELIVER
NOW HIRING!
Skylark LOGISTICS INC.
Highway US Drivers & Owner Operators Wanted
• 2 year experience must • Drivers paid 60C per mile.
• Midwest runs • Direct deposit payments .
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.

Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ

132"
88"
8 Seated Sofa
ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਉਂਟੇਰੀਓ ਸਕੂਲ ਵਰਕਰਾਂ ਦੀ ਸੰਭਾਵੀ ਹੜਤਾਲ ਨੂੰ ਲੈ ਕੇ ਗਰਮ ਹੋਈ ਸਿਆਸਤ

ਇਸ ਸੋਮਵਾਰ ਤੋਂ ਸਕੂਲਾਂ ਵਿੱਚ ਕੰਮ ਕਰਦੇ ਕੈਨੇਡੀਅਨ ਯੂਨੀਅਨ ਆਫ ਪਬਲਿਕ ਸਰਵਸਿਜ਼ (Canadian Union of Public Services, CUPE) ਦੇ ਮੈਂਬਰਾਂ ਨੇ ਵਰਕ-ਟੂ-ਰੂਲ (ਨੇਮ ਅਨੁਸਾਰ ਕੰਮ) ਮੁਹਿੰਮ ਆਰੰਭੀ ਹੋਈ ਹੈ। ਕੱਲ ਯੂਨੀਅਨ ਨੇ ਐਲਾਨ ਕੀਤਾ ਹੈ ਕਿ ਜੇ ਉਹਨਾਂ ਦੀਆਂ ਮੰਗਾਂ ਨਾ ਮੰਗੀਆਂ ਗਈਆਂ ਤਾਂ ਉਹ 7 ਅਕਤੂਬਰ ਤੋਂ ਪੂਰੀ ਹੜਤਾਲ ਉੱਤੇ ਚਲੇ ਜਾਣਗੇ। ਵਰਨਣਯੋਗ ਹੈ ਕਿ ਉਂਟੇਰੀਓ ਭਰ ਦੇ ਸਕੂਲਾਂ ਵਿੱਚ ਕੰਮ ਕਰਦੇ CUPE ਦੇ 55000 ਤੋਂ ਵੱਧ ਮੈਂਬਰ ਹਨ ਜਿਹਨਾਂ ਵਿੱਚ ਐਜੁਕੇਸ਼ਨ ਅਸਿਸਟੈਂਟ, ਅਰਲੀ ਚਾਈਲਡਹੁੱਡ ਐਜੁਕੇਟਰਜ਼, ਪ੍ਰਸ਼ਾਸ਼ਨਿਕ ਸਟਾਫ, ਲਾਇਬਰੇਰੀ ਵਰਕਰ, ਕਸਟੋਡੀਅਨ, ਸੋਸ਼ਲ ਵਰਕਰ, ਮਨੋਵਿਗਿਆਨਕ, ਚਾਈਲਡ ਐਂਡ ਯੂਥ ਵਰਕਰਾਂ ਵਰਗੇ ਸਟਾਫ ਸ਼ਾਮਲ ਹਨ। ਇਹਨਾਂ ਮੁਲਾਜ਼ਮਾਂ ਦਾ ਦੋਸ਼ ਹੈ ਕਿ ਡੱਗ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਫੰਡ ਵਿੱਚ ਕੱਟ ਲਾ ਕੇ ਟੀਚਿੰਗ ਅਸਿਸਟੈਂਟ ਅਤੇ ਹੋਰ ਸੁਪੋਰਟ ਸਟਾਫ ਵਿੱਚ ਕਟੌਤੀਆਂ ਕੀਤੀਆਂ ਹਨ ਜਿਸ ਕਾਰਣ ਬੱਚਿਆਂ ਦੀ ਵਿੱਦਿਆ ਪ੍ਰਭਾਵਿਤ ਹੋ ਰਹੀ ਹੈ। ਯੂਨੀਅਨ ਨੂੰ ਸੁਪੋਰਟ ਸਟਾਫ਼ ਨੂੰ ਘੱਟ ਮਿਲਦੀਆਂ ਤਨਖਾਹਾਂ ਦੀ ਵੀ ਚਿੰਤਾ ਹੈ।

ਡੱਗ ਫੋਰਡ ਸਰਕਾਰ ਵੱਲੋਂ ਬੱਜਟ ਨੂੰ ਸਾਵਾਂ ਕਰਨ ਦੇ ਨਾਮ ਥੱਲੇ ਵੱਖੋ ਵੱਖਰੇ ਵਿਭਾਗਾਂ ਵਿੱਚ ਕੀਤੀ ਗਈ ਫੰਡਾਂ ਵਿੱਚ ਕਟੌਤੀ ਕੋਈ ਨਵਾਂ ਵਿਸ਼ਾ ਨਹੀਂ ਹੈ ਅਤੇ ਨਾ ਹੀ ਇਸਦੇ ਸੇਕ ਕਾਰਣ ਹੋਣ ਵਾਲੇ ਨੁਕਸਾਨ ਤੋਂ ਫੈਡਰਲ ਕੰਜ਼ਰਵੇਟਿਵ ਅਣਭਿੱਜ ਹਨ। ਆਮ ਕਰਕੇ ਪ੍ਰੋਵਿੰਸ਼ੀਅਲ ਸਰਕਾਰਾਂ ਵੱਲੋਂ ਸਿੱਝੇ ਜਾਣ ਵਾਲੇ ਮੁੱਦੇ ਫੈਡਰਲ ਚੋਣਾਂ ਵਿੱਚ ਬਹਿਸ ਦਾ ਵਿਸ਼ਾ ਵੀ ਨਹੀਂ ਬਣਿਆ ਕਰਦੇ। ਅਸਲ ਵਿੱਚ ਜਦੋਂ ਕਦੇ ਫੈਡਰਲ ਨੇਤਾਵਾਂ ਕੋਲ ਵੋਟਰ ਅਣਜਾਣਪੁਣੇ ਵਿੱਚ ਪ੍ਰੋਵਿੰਸ਼ੀਅਲ ਅਤੇ ਸਥਾਨਕ ਸਰਕਾਰ ਨਾਲ ਸਬੰਧਿਤ ਮੁੱਦਿਆਂ ਦੇ ਹੱਲ ਬਾਰੇ ਗੱਲ ਕਰਦੇ ਹਨ ਤਾਂ ਸਿਆਣੇ ਆਗੂ ਤਰਕ ਨਾਲ ਸਮਝਾਉਂਦੇ ਹਨ ਕਿ ਇਹ ਵਿਸ਼ੇ ਉਹਨਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹਨ। ਪਰ ਇਸ ਵਾਰ ਲਿਬਰਲ ਪਾਰਟੀ ਦੇ ਲੀਡਰ ਜਸਟਿਨ ਟਰੂਡੋ ਨੇ ਸਕੂਲ ਵਰਕਰਾਂ ਦੀ ਹੜਤਾਲ ਨੂੰ ਫੈਡਰਲ ਚੋਣ ਪ੍ਰਚਾਰ ਦਾ ਜੋਰ ਸ਼ੋਰ ਨਾਲ ਵਿਸ਼ਾ ਬਣਾਇਆ ਹੋਇਆ ਹੈ। ਦੂਜੇ ਪਾਸੇ ਅੱਜ ਉਂਟੇਰੀਓ ਦੇ ਸਿੱਖਿਆ ਮੰਤਰੀ ਸਟੀਫਨ ਲੀਸ ਨੇ ਮੋੜਵਾਂ ਵਾਰ ਕਰਦੇ ਹੋਏ ਜਸਟਿਨ ਟਰੂਡੋ ਨੂੰ ਕਿਹਾ ਹੈ ਕਿ ਉਹ ਇਸ ਮੁੱਦੇ ਦਾ ਸਿਆਸੀਕਰਣ ਨਾ ਕਰਕੇ ਆਪਣੀ ਕੁਰਸੀ ਬਣਾਉਣ ਵੱਲ ਧਿਆਨ ਦੇਵੇ।

ਵਰਨਣਯੋਗ ਹੈ ਕਿ ਜਸਟਿਨ ਟਰੂਡੋ ਬੀਤੇ ਦਿਨਾਂ ਵਿੱਚ ਪ੍ਰੀਮੀਅਰ ਡੱਗ ਫੋਰਡ ਬਾਰੇ ਕਈ ਵਾਰ ਆਖ ਚੁੱਕੇ ਹਨ ਕਿ ਉਹ ਆਪਣੇ ਫੈਡਰਲ ਕੰਜ਼ਰਵੇਟਿਵ ਦੋਸਤਾਂ ਦੀ ਮਦਦ ਕਰਨ ਦੀ ਥਾਂ ਸਕੂਲ ਸਟਾਫ ਦੀ ਹੜਤਾਲ ਕਾਰਣ ਪੈਦਾ ਹੋਈ ਸਥਿਤੀ ਉੱਤੇ ਕਾਬੂ ਪਾਉਣ ਵੱਲ ਧਿਆਨ ਦੇਵੇ। ਨੋਟ ਕਰਨ ਵਾਲੀ ਗੱਲ ਹੈ ਕਿ 2015 ਦੀਆਂ ਫੈਡਰਲ ਚੋਣਾਂ ਵਿੱਚ ਜਸਟਿਨ ਟਰੂਡੋ ਨੂੰ ਜਿਤਾਉਣ ਲਈ ਉਂਟੇਰੀਓ ਦੀ ਤਤਕਾਲੀ ਲਿਬਰਲ ਪ੍ਰੀਮੀਅਰ ਕੈਥਲਿਨ ਵਿੱਨ ਨੇ ਖੁੱਲ ਕੇ ਮਦਦ ਕੀਤੀ ਸੀ। ਇੱਥੇ ਤੱਕ ਕੈਥਲਿਨ ਵਿੱਨ ਨੇ ਫੈਡਰਲ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਂਟੇਰੀਓ ਵਾਸਤੇ ਸਰਕਾਰ ਵੱਲੋਂ ਫੰਡ ਕੀਤੀ ਜਾਣ ਵਾਲੀ ਡਰੱਗ ਇੰਸ਼ੂਰੈਂਸ ਦਾ ਐਲਾਨ ਕੀਤਾ ਸੀ। ਬਾਅਦ ਵਿੱਚ ਜਸਟਿਨ ਟਰੂਡੋ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਕੈਥਲਿਨ ਵਿੱਨ ਨੇ ਉਸ ਐਲਾਨ ਨੂੰ ਅਣਚਾਹੇ ਸਮਾਨ ਵਾਗੂੰ ਵਗਾਹ ਮਾਰਿਆ ਸੀ। ਦਿਲਚਸਪ ਗੱਲ ਇਹ ਵੀ ਹੈ ਕਿ CUPE ਦਾ ਇਸ ਸੰਭਾਵਿਤ ਹੜਤਾਲ ਬਾਰੇ ਆਖਣਾ ਹੈ ਕਿ ਸਾਨੂੰ ਹੜਤਾਲ ਦੇ ਰਾਹ ਇਸ ਲਈ ਤੁਰਨਾ ਪਿਆ ਹੈ ਕਿਉਂਕਿ ਡੱਗ ਫੋਰਡ ਸਰਕਾਰ ਪ੍ਰੋਵਿੰਸ਼ੀਅਲ ਲਿਬਰਲ ਸਰਕਾਰ ਦੀ ਫੰਡਾਂ ਵਿੱਚ ਕੱਟ ਲਾਉਣ ਦੀ ਚਿਰ ਪੁਰਾਣੀ ਰਿਵਾਇਤ ਨੂੰ ਜਾਰੀ ਰੱਖ ਰਹੀ ਹੈ। ਜਾਪਦਾ ਹੈ ਕਿ ਜਸਟਿਨ ਟਰੂਡੋ ਨੂੰ ਉਸਦੇ ਸਲਾਹਕਾਰਾਂ ਨੇ CUPE ਦਾ ਬਿਆਨ ਪੜਨ ਲਈ ਦਿੱਤਾ ਹੀ ਨਹੀਂ ਹੋਵੇਗਾ।

ਵਿੱਦਿਆ ਦਾ ਸਿਆਸੀਕਰਣ ਕੋਈ ਨਵੀਂ ਗੱਲ ਨਹੀਂ ਹੈ ਪਰ ਜਿਸ ਤਰੀਕੇ ਵਰਤਮਾਨ ਚੋਣਾਂ ਵਿੱਚ ਇਹ ਮੁੱਦਾ ਉੱਭਰ ਕੇ ਆ ਰਿਹਾ ਹੈ, ਇਸ ਨਾਲ ਨਵੀਆਂ ਰੀਤਾਂ ਪੈਦਾ ਹੋ ਰਹੀਆਂ ਹਨ। CUPE ਦੇ ਕੰਮਕਾਜ ਅਤੇ ਇਸਦੇ ਸਿਆਸੀ ਝੁਕਾਵਾਂ ਤੋਂ ਵਾਕਫ਼ ਮਾਹਰਾਂ ਦਾ ਆਖਣਾ ਹੈ ਕਿ CUPE ਸਮੇਂ ਸਮੇਂ ਉੱਤੇ ਸਖ਼ਤ ਢੰਗ ਨਾਲ ਸਿਆਸੀ ਸਮੀਕਰਣਾਂ ਨੂੰ ਉਭਾਰਦੀ ਰਹਿੰਦੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ CUPE ਵੱਲੋਂ ਹੜਤਾਲ ਦਾ ਵਰਤਮਾਨ ਮਾਹੌਲ ਲਿਬਰਲ ਪਾਰਟੀ ਨੂੰ ਲਾਭ ਦੇਣ ਲਈ ਹੀ ਪੈਦਾ ਕੀਤਾ ਗਿਆ ਹੈ। ਦੂਜੇ ਪਾਸੇ CUPE ਦਾ ਆਖਣਾ ਹੈ ਕਿ ਇਹ ਹੜਤਾਲ ਵਰਕਰਾਂ ਦੇ ਸਨਮਾਨ ਦੀ ਬਹਾਲੀ ਵਾਸਤੇ ਹੈ। ਅਫ਼ਸੋਸ ਦੀ ਗੱਲ ਹੈ ਕਿ ਕੰਜ਼ਰਵੇਟਿਵ ਅਤੇ ਲਿਬਰਲ ਦੇਸ਼ ਦੇ ਸਨਮਾਨ ਨੂੰ ਚਾਰ ਚੰਦ ਲਾਉਣ ਲਈ ਸਿਆਸੀ ਮਿਹਣਿਆਂ ਵਿੱਚ ਤਾਂ ਉਲਝੇ ਹੋਏ ਹਨ ਪਰ ਆਮ ਵੋਟਰ ਦੇ ਸਨਮਾਨ ਅਤੇ ਬੱਚਿਆਂ ਦੀ ਵਿੱਦਿਆ ਕਿਸੇ ਨੂੰ ਖਿਆਲ ਆਇਆ ਨਹੀਂ ਜਾਪਦਾ।

## ਲਿਬਰਲ ਐਮਪੀ ਕਮਲ ਖੈਹਰਾ ਨੇ ਵਿਦੇਸ਼ੀ ਦੌਰਿਆਂ ਬਾਰੇ ਕੀਤੀ ਹੋ ਸਕਦੀ ਹੈ ਟਰੂਡੋ ਦੀਆਂ ਹਦਾਇਤਾਂ ਦੀ ਉਲੰਘਣਾ

...ਪੰਨਾ 1 ਦਾ ਬਾਕੀ

ਵਿਰਾਨੀ, ਖੈਹਰਾ ਤੇ ਪੀਐਮਓ ਵੱਲੋਂ ਅਜੇ ਇਸ ਮੁੱਦੇ ਉੱਤੇ ਪੁੱਛੇ ਜਾਣ ਵਾਲੇ ਕਿਸੇ ਵੀ ਤਰ੍ਹਾਂ ਦੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ ਜਾ ਰਹੇ ਹਨ।

ਵਿਰਾਨੀ ਤੇ ਖੈਹਰਾ ਵੱਲੋਂ ਈਮੇਲ ਬਿਆਨ ਭੇਜੇ ਗਏ ਹਨ ਪਰ ਇਨ੍ਹਾਂ ਵਿੱਚ ਕਿਤੇ ਵੀ ਇਨ੍ਹਾਂ ਸਵਾਲਾਂ ਦੇ ਜਵਾਬ ਦੀ ਕੋਈ ਗੱਲ ਨਹੀਂ ਕੀਤੀ ਗਈ, ਸਗੋਂ ਇਹ ਆਖਿਆ ਗਿਆ ਹੈ ਕਿ ਉਨ੍ਹਾਂ ਵੱਲੋਂ ਐਥਿਕਸ ਕਮਿਸ਼ਨਰ ਕੋਲ ਇਨ੍ਹਾਂ ਟਰਿੱਪਜ਼ ਬਾਰੇ ਸਪਸ਼ਟੀਕਰਨ ਦਿੱਤਾ ਜਾ ਚੁੱਕਿਆ ਹੈ। ਜ਼ਿਕਰਯੋਗ ਹੈ ਕਿ ਵਰਲਡ ਵਿਜ਼ਨ ਕੈਨੇਡਾ ਰਜਿਸਟਰਡ ਲਾਬੀਸਟ ਆਰਗੇਨਾਈਜ਼ੇਸ਼ਨ ਹੈ ਜਿਸ ਨੂੰ 2015 ਤੋਂ ਸਰਕਾਰ ਵੱਲੋਂ 50 ਮਿਲੀਅਨ ਡਾਲਰ ਮਿਲ ਚੁੱਕੇ ਹਨ। ਲਾਬੀਕਾਰਾਂ ਨੂੰ ਸਰਕਾਰੀ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੋਂ ਪਹਿਲਾਂ ਲਾਬਿੰਗ ਕਮਿਸ਼ਨਰ ਕੋਲ ਇਸ ਸਬੰਧੀ ਵੇਰਵੇ ਉਜਾਗਰ ਕਰਨੇ ਪੈਂਦੇ ਹਨ। ਵਰਲਡ ਵਿਜ਼ਨ ਕੈਨੇਡਾ ਦੇ ਕਮਿਊਨਿਕੇਸ਼ਨ ਮੈਨੇਜਰ ਬ੍ਰੈੱਟ ਟਾਰਵਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਤਨਜ਼ਾਨੀਆ ਟਰਿੱਪ ਦਾ ਜ਼ਿਕਰ ਇਸ ਲਈ ਨਹੀਂ ਕੀਤਾ ਗਿਆ ਕਿਉਂਕਿ ਇਹ ਸਿੱਖਿਆ ਨਾਲ ਸਬੰਧਤ ਦੌਰਾ ਸੀ।

ਲਾਬਿੰਗ ਕਮਿਸ਼ਨਰ ਕੈਰੇਨ ਸ਼ੈਪਰਡ ਨੇ ਨੈਸ਼ਨਲ ਪੋਸਟ ਨੂੰ ਦੱਸਿਆ ਕਿ ਉਹ ਕਿਸੇ ਖਾਸ ਕੇਸਾਂ ਉੱਤੇ ਟਿੱਪਣੀ ਨਹੀਂ ਕਰ ਸਕਦੀ। ਪਰ ਰਜਿਸਟਰੇਬਲ ਟੌਪਿਕਸ ਉੱਤੇ ਜ਼ੁਬਾਨੀ ਕਮਿਊਨਿਕੇਸ਼ਨ ਦਾ ਰਿਪੋਰਟ ਕੀਤਾ ਜਾਣਾ ਜ਼ਰੂਰੀ ਹੈ।

## ਕਿਊਬਿਕ ਵਿੱਚ ਕੈਂਪੇਨ ਦੌਰਾਨ ਜਗਮੀਤ ਸਿੰਘ ਨੂੰ ਪੱਗ ਨਾ ਬੰਨ੍ਹਣ ਦੀ ਦਿੱਤੀ ਗਈ ਸਲਾਹ

...ਪੰਨਾ 1 ਦਾ ਬਾਕੀ

ਫਿਰ ਉਸ ਵਿਅਕਤੀ ਨੇ ਅੱਗੇ ਗੱਲ ਕਰਨੀ ਜਾਰੀ ਰੱਖਦਿਆਂ ਆਖਿਆ ਕਿ ਰੋਮ ਵਿੱਚ ਤੁਹਾਨੂੰ ਉਹੀ ਕਰਨਾ ਚਾਹੀਦਾ ਹੈ ਜੋ ਰੋਮਨ ਕਰਦੇ ਹਨ। ਇਸ ਮੌਕੇ ਜਗਮੀਤ ਸਿੰਘ ਨੇ ਉੱਤਰ ਦਿੱਤਾ ਪਰ ਇਹ ਕੈਨੇਡਾ ਹੈ। ਤੁਸੀਂ ਉਹ ਸੱਭ ਕਰ ਸਕਦੇ ਹੋਂ ਜੋ ਤੁਸੀਂ ਕਰਨਾ ਚਾਹੁੰਦੇ ਹੋਂ। ਜ਼ਿਕਰਯੋਗ ਹੈ ਕਿ ਮਾਰਕਿਟ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਕੈਨੇਡਾ ਵਿੱਚ ਵੱਖ ਵੱਖ ਕਮਿਊਨਿਟੀਜ਼ ਵਿੱਚ ਰਹਿੰਦਿਆਂ ਸਾਰੀ ਉਮਰ ਉਨ੍ਹਾਂ ਨੂੰ ਪੱਖ ਪਾਤ ਦਾ ਹੀ ਸਾਹਮਣਾ ਕਰਨਾ ਪਿਆ। ਇਸ ਪ੍ਰੈੱਸ ਕਾਨਫਰੰਸ ਤੋਂ ਤੁਰੰਤ ਬਾਅਦ ਹੀ ਉਨ੍ਹਾਂ ਦਾ ਸਾਹਮਣਾ ਇਸ ਵਿਅਕਤੀ ਨਾਲ ਹੋਇਆ।

ਉਨ੍ਹਾਂ ਆਖਿਆ ਕਿ ਸਾਡੇ ਦੇਸ਼ ਵਿੱਚ ਬਹੁਤ ਹੀ ਪਿਆਰੀਆਂ ਕਮਿਊਨਿਟੀਜ਼ ਹਨ ਜਿਹੜੀਆਂ ਸੱਭ ਦਾ ਦਿਲ ਖੋਲ੍ਹ ਕੇ ਸਵਾਗਤ ਕਰਦੀਆਂ ਹਨ ਤੇ ਪਿਆਰ ਨਾਲ ਰਹਿੰਦੀਆਂ ਹਨ। ਪਰ ਇਨ੍ਹਾਂ ਸਾਰੀਆਂ ਕਮਿਊਨਿਟੀਜ਼ ਵਿੱਚ ਵੀ ਕਿਤੇ ਨਾਲ ਕਿਤੇ ਨਸਲਵਾਦ ਕੈਨੇਡਾ ਭਰ ਵਿੱਚ ਮੌਜੂਦ ਹੈ। ਇਸ ਲਈ ਲੋਕਾਂ ਨੂੰ ਆਪਣੀ ਦਿੱਖ ਕਾਰਨ ਕਈ ਤਰ੍ਹਾਂ ਦੇ ਪੱਖਪਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਬਾਅਦ ਜਗਮੀਤ ਸਿੰਘ ਨੇ ਟਵਿੱਟਰ ਉੱਤੇ ਇਸ ਘਟਨਾ ਦਾ ਜ਼ਿਕਰ ਕੀਤਾ ਤੇ ਇਸ ਦਾ ਵੀਡੀਓ ਵੀ ਸਾਂਝਾ ਕੀਤਾ ਤੇ ਨਾਲ ਹੀ ਇਹ ਸੁਨੇਹਾ ਵੀ ਦਿੱਤਾ ਕਿ ਤੁਸੀਂ ਜੋ ਹੋਂ ਉਸ ਤਰ੍ਹਾਂ ਦੇ ਹੀ ਰਹੋ, ਅਸੀਂ ਸਾਰੇ ਹੀ ਇੱਕ ਦੂਜੇ ਨਾਲ ਜੁੜੇ ਹੋਏ ਹਾਂ।

## ਮਾਰੀਆ ਲਗਾਤਾਰ ਤੀਸਰਾ ਗੋਲਡ ਜਿੱਤਣ ਵਾਲੀ ਪਹਿਲੀ ਖਿਡਾਰੀ ਬਣੀ

ਦੋਹਾ, 2 ਅਕਤੂਬਰ (ਪੋਸਟ ਬਿਊਰੋ)- ਵਰਲਡ ਐਥਲੈਟਿਕਸ ਚੈਂਪੀਅਨਸ਼ਿਪ ਦੇ ਦੌਰਾਨ ਰੂਸ ਦੀ ਮਹਿਲਾ ਹਾਈ ਜੰਪਰ ਮਾਰੀਆ ਲਾਸਿਤਸਕਿਨੀ ਨੇ ਲਗਾਤਾਰ ਤੀਸਰਾ ਗੋਲਡ ਜਿੱਤਿਆ ਹੈ ਅਤੇ ਉਹ ਚੈਂਪੀਅਨਸ਼ਿਪ ਵਿੱਚ ਮੈਨਜ਼ ਅਤੇ ਵਿਮਨਜ਼ ਕੈਟਾਗਰੀ ਵਿੱਚ ਤਿੰਨ ਗੋਲਡ ਜਿੱਤਣ ਵਾਲੀ ਪਹਿਲੀ ਖਿਡਾਰੀ ਬਣ ਗਈ ਹੈ।

ਰੂਸ ਦੀ ਐਥਲੈਟਿਕਸ ਫੈਡਰੇਸ਼ਨ ਉੱਤੇ ਪਾਬੰਦੀ ਹੋਣ ਕਾਰਨ ਮਾਰੀਆ ਨਿਊਟ੍ਰਲ ਖਿਡਾਰੀ ਦੇ ਰੂਪ ਵਿੱਚ ਉਤਰੀ ਸੀ। ਇਸ ਦੇ ਪਹਿਲਾਂ ਉਹ 2015 ਅਤੇ 2017 ਵਿੱਚ ਵੀ ਵਰਲਡ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤ ਚੁੱਕੀ ਹੈ। 26 ਸਾਲ ਦੀ ਮਾਰੀਆ ਨੇ 2.04 ਮੀਟਰ ਦੀ ਛਲਾਂਗ ਲਾਈ। ਯੂਕਰੇਨ ਦੀ 18 ਸਾਲ ਦੀ ਯਾਰੋਸਲਾਵਾ ਨੇ ਵੀ ਉਸੇ ਵਾਂਗ 2.04 ਮੀਟਰ ਛਲਾਂਗ ਲਾਈ ਸੀ, ਪਰ ਹਰ ਹਾਈਟ ਨੂੰ ਕਲੀਅਰ ਕਰਦੇ ਜਾਣ ਕਾਰਨ ਮਾਰੀਆ ਨੂੰ ਗੋਲਡ ਦਿੱਤਾ ਗਿਆ। ਯਾਰੋਸਲਾਵਾ ਨੂੰ ਸਿਲਵਰ ਮਿਲਿਆ। ਅਮਰੀਕਾ ਦੀ ਵਾਸਤੀ ਕੁਨਿੰਘਮ ਨੇ ਤਾਂਬੇ ਦਾ ਮੈਡਲ ਜਿੱਤਿਆ। ਜਿੱਤ ਦੇ ਬਾਅਦ




ਮਾਰੀਆ ਨੇ ਕਿਹਾ ਕਿ ਪੂਰਾ ਦੇਸ਼ ਸੋਚ ਰਿਹਾ ਸੀ ਕਿ ਮੈਂ ਇਥੇ ਗੋਲਡ ਮੈਡਲ ਜਿੱਤਾਂ। ਇਸ ਕਾਰਨ ਮੇਰੇ 'ਤੇ ਥੋੜ੍ਹਾ ਦਬਾਅ ਵੀ ਸੀ। ਹਰ ਜੰਪ ਦੇ ਦੌਰਾਨ ਮੈਨੂੰ ਪ੍ਰੇਸ਼ਾਨੀ ਹੋਈ, ਪਰ ਇਹ ਜਿੱਤ ਮੇਰੇ ਲਈ ਇਤਿਹਾਸਕ ਹੈ। ਮੈਂ ਅਗਲੇ ਸਾਲ ਟੋਕੀਓ ਓਲੰਪਿਕ ਵਿੱਚ ਵੀ ਆਪਣੇ ਇਸ ਪ੍ਰਦਰਸ਼ਨ ਨੂੰ ਬਰਕਰਾਰ ਰੱਖਣਾ ਚਾਹਾਂਗੀ।

## ਐਨ ਆਈ ਏ ਨੇ ਗੁਰਜੰਟ ਤੋਂ ਪੁੱਛਗਿੱਛ ਕੀਤੀ ਤੇ ਸਾਰਾ ਮੈਡੀਕਲ ਰਿਕਾਰਡ ਕਬਜ਼ੇ ਵਿੱਚ ਲਿਆ

ਤਰਨ ਤਾਰਨ, 2 ਅਕਤੂਬਰ (ਪੋਸਟ ਬਿਊਰੋ)- 22 ਸਤੰਬਰ ਨੂੰ ਇਸ ਜਿਲ੍ਹੇ ਵਿੱਚ ਕਾਉਂਟਰ ਇੰਨਟੈਲੀਜੇਂਟ ਟੀਮ ਵੱਲੋਂ ਫੜੇ ਗਏ ਚਾਰ ਅੱਤੰਗਵਾਦੀਆਂ ਦਾ ਰਿਮਾਂਡ ਮਿਲਣ ਤੋਂ ਬਾਅਦ ਇਸ ਦੀ ਜਾਂਚ ਐਨ ਆਈ ਏ ਟੀਮ ਨੂੰ ਸੌਂਪ ਦਿੱਤੀ ਗਈ ਸੀ। ਇਸ ਦੇ ਤਹਿਤ ਕੱਲ੍ਹ ਐਨ ਆਈ ਏ ਟੀਮ ਨੇ ਅਲੱਗ-ਅਲੱਗ ਖੇਤਰਾਂ ਦਾ ਦੌਰਾ ਕਰ ਜਾਂਚ ਅੱਗੇ ਵਧਾਈ। ਉਹ ਬੀਤੇ ਦਿਨ ਹਿਰਾਸਤ ਵਿੱਚ ਲਏ ਕੁਝ ਲੋਕਾਂ ਕੋਲੋਂ ਹਥਿਆਰ ਅਤੇ ਬਲਾਸਟ ਕੇਸ ਨਾਲ ਜੁੜੇ ਹੋਣ ਜਾਂਚ ਕਰ ਰਹੀ ਹੈ।

ਦੂਜੇ ਪਾਸੇ 4 ਸਤੰਬਰ ਦੀ ਰਾਤ ਪੰਡੋਰੀ ਗੋਲਾ ਪਿੰਡ ਵਿੱਚ ਹੋਏ ਬਲਾਸਟ ਦੀ ਜਾਂਚ ਕਰਦੇ ਹੋਏ ਐਨ ਆਈ ਏ ਨੇ ਕੱਲ੍ਹ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਇਲਾਜ ਅਧੀਨ ਗੁਰਜੰਟ ਸਿੰਘ ਤੋਂ ਪੁੱਛਗਿੱਛ ਕੀਤੀ ਅਤੇ ਡਾਕਟਰਾਂ ਤੋਂ ਉਸਦਾ ਮੈਡੀਕਲ ਟ੍ਰੀਟਮੈਂਟ ਰਿਕਾਰਡ ਵੀ ਕਬਜ਼ੇ ਵਿੱਚ ਲਿਆ ਅਤੇ ਫਿਰ ਬਲਾਸਟ ਵਾਲੀ ਥਾਂ ਦਾ ਦੌਰਾ ਕੀਤਾ। ਦੱਸਿਆ ਜਾਂਦਾ ਹੈ ਕਿ ਗੁਰਜੰਟ ਸਿੰਘ ਦੀ ਸਿਹਤ ਵਿੱਚ ਕਾਫੀ ਸੁਧਾਰ ਹੈ। ਉਸ ਦੇ ਇਲਾਜ ਦਾ ਕਰੀਬ 4 ਲੱਖ ਰੁਪਏ ਦਾ ਬਿੱਲ ਅਜੇ ਜਮ੍ਹਾ ਨਹੀਂ ਕੀਤਾ ਗਿਆ ਹੈ। ਇਸ ਜਿਲੇ ਦੇ ਕਰੀਬ 2 ਵਿਅਕਤੀਆਂ ਦੀ ਗ੍ਰਿਫਤਾਰੀ ਪਿੱਛੋਂ ਐਸ ਐਸ ਪੀ ਦੀ ਅਗਵਾਈ ਵਿੱਚ ਪੁੱਛਗਿੱਛ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਵਿੱਚ ਨਸ਼ਾ ਤਸਕਰਾਂ ਤੋ ਮਿਲੇ ਹਥਿਆਰਾਂ ਨੂੰ ਵੀ ਤਰਨ ਤਾਰਨ ਪੁਲਸ ਚੋਹਲਾ ਸਾਹਿਬ ਤੋਂ ਮਿਲੇ ਹਥਿਆਰਾਂ ਨਾਲ ਜੋੜ ਕੇ ਜਾਂਚ ਅੱਗੇ ਵਧਾ ਰਹੀ ਹੈ। ਤਰਨ ਤਾਰਨ ਅਤੇ ਅੰਮ੍ਰਿਤਸਰ ਵਿੱਚ ਕੁਝ ਦਿਨਾਂ ਤੋਂ ਵੱਡੀ ਗਿਣਤੀ ਵਿੱਚ ਗੈਂਗਸਟਰ ਅਤੇ ਅੱਤੰਗਵਾਦੀਆਂ ਨੂੰ ਹਥਿਆਰਾਂ ਨਾਲ ਫੜਨ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਦੋਨੋਂ ਜਿਲੇ ਦੁਬਾਰਾ ਖਾੜਕੂਵਾਦ ਦਾ ਘਰ ਬਣ ਸਕਦੇ ਹਨ। ਪੁਲਸ ਨੇ ਇਸ ਸਾਜਿਸ਼ ਨੂੰ ਬੇਪਰਦ ਕਰ ਕੇ ਖਾੜਕੂਵਾਦ ਦੇ ਖਿਲਾਫ ਕਮਰ ਕੱਸ ਲਈ ਹੈ। ਇਸ ਜਿਲੇ ਦੀ ਪੁਲਸ ਵੱਲੋਂ ਫੜੇ ਬਬਰ ਖਾਲਸਾ ਇੰਟਰਨੈਸ਼ਨਲ ਅਤੇ ਖਾਲਿਸਤਾਨ ਜਿੰਦਾਬਾਦ ਫੋਰਸ ਦੇ ਖਾੜਕੂਆਂ ਨਾਲ ਸਬੰਧਤ ਕੁਝ ਲੋਕਾਂ ਤੋਂ ਮਿਲੇ ਹਥਿਆਰਾਂ ਨੂੰ ਪਾਕਿ-ਸਤਾਨ ਤੋਂ ਡਰੋਣ ਦੇ ਨਾਲ ਭੇਜਿਆ ਗਿਆ ਸੀ। ਐਨ ਆਈ ਏ ਟੀਮ ਨੇ ਝਬਾਲ ਦੇ ਇਲਾਕੇ ਦੇ ਆਸ-ਪਾਸ ਦੀ ਵੀਡੀਓ ਰਿਕਾਰਡ ਵੀ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab
Aikam TV
Aikam Arts Academy
Amarjit S Rai
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਮੋਗਾ ਵਿਖੇ ਅੰਤਰ-ਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ ਮਨਾਇਆ

## ਵੱਡੀ ਉਮਰ ਦੇ 8 ਬਜ਼ੁਰਗਾਂ ਨੂੰ ਕੀਤਾ ਗਿਆ ਸਨਮਾਨਿਤ



ਮੋਗਾ, 2 ਅਕਤੂਬਰ (ਗਿਆਨ ਸਿੰਘ): ਬਜ਼ੁਰਗ ਸਾਡੇ ਸਮਾਜ ਦਾ ਅਨਮੋਲ ਸਰਮਾਇਆ ਹਨ, ਇਸ ਲਈ ਸਾਨੂੰ ਬਜ਼ੁਰਗਾਂ ਦਾ ਪੂਰਣ ਸਤਿਕਾਰ ਕਰਨਾ ਚਾਹੀਦਾ ਹੈ।

ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਨੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਮੋਗਾ ਵੱਲੋਂ ਮੀਟਿੰਗ ਹਾਲ ਵਿਖੇ 'ਅੰਤਰ-ਰਾਸ਼ਟਰੀ ਸੀਨੀਅਰ ਸਿਟੀਜ਼ਨ ਦਿਵਸ਼' ਦੇ ਮੌਕੇ 'ਤੇ ਆਯੋਜਿਤ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੀਤਾ ਦਰਸ਼ੀ, ਐਸ.ਡੀ.ਐਮ ਮੋਗਾ ਨਰਿੰਦਰ ਸਿੰਘ ਧਾਲੀਵਾਲ, ਐਸ.ਡੀ.ਐਮ ਧਰਮਕੋਟ ਨਰਿੰਦਰ ਸਿੰਘ ਧਾਲੀਵਾਲ, ਐਸ.ਡੀ.ਐਮ ਬਾਘਾਪੁਰਾਣਾ ਸਵਰਨਜੀਤ ਕੌਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਰਾਜ ਕਿਰਨ ਕੌਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰ-ਚਰਨ ਸਿੰਘ ਵੀ ਮੌਜੂਦ ਸਨ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਬਜ਼ੁਰਗਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਬਜ਼ੁਰਗਾਂ ਪਾਸ ਨੈਤਿਕ ਕਦਰਾਂ ਕੀਮਤਾਂ, ਚੰਗੇ ਸੰਸਕਾਰ ਤੇ ਸ਼ਿਸ਼ਟਾਚਾਰ ਆਦਿ ਦਾ ਵਿਸ਼ਾਲ ਤਜਰਬਾ ਹੁੰਦਾ ਹੈ, ਇਸ ਲਈ ਨੌਜ਼ਵਾਨ ਪੀੜ੍ਹੀ ਨੂੰ ਬਜ਼ੁਰਗਾਂ ਦੇ ਇਸ ਤਜਰਬੇ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਰ ਨੌਜ਼ਵਾਨ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਬਜ਼ੁਰਗ ਮਾਂ-ਬਾਪ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦੀ ਉਚਿਤ ਢੰਗ ਨਾਲ ਦੇਖ-ਭਾਲ ਵੀ ਕਰਨ। ਉਨ੍ਹਾਂ ਅਜੋਕੀ ਤੇਜ਼ ਰਫ਼ਤਾਰ ਤੇ ਦੌੜ-ਭੱਜ ਵਾਲੀ ਨੌਜਵਾਨ ਪੀੜ੍ਹੀ ਨੂੰ ਸੁਚੇਤ ਕਰਦਿਆਂ ਕਿਹਾ ਕਿ ਜਿਹੜੇ ਨੌਜਵਾਨ ਆਪਣੇ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦੇ, ਭਵਿੱਖ ਵਿੱਚ ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਦਾ ਸਤਿਕਾਰ ਨਹੀਂ ਕਰਨਗੇ। ਉਨ੍ਹਾਂ ਸੀਨੀਅਰ ਨਾਗਰਿਕਾਂ ਨੂੰ ਪ੍ਰਸਾਸ਼ਨ ਨਾਲ ਸਬੰਧਤ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਦਿਵਾਇਆ ਅਤੇ ਸਮੂਹ ਅਧਿਕਾਰੀ/ਕ੍ਰਮਚਾਰੀਆਂ ਨੂੰ ਦਫ਼ਤਰਾਂ ਵਿੱਚ ਆਉਣ 'ਤੇ ਸੀਨੀਅਰ ਨਾਗਰਿਕਾਂ ਨੂੰ ਮਾਣ-ਸਨਮਾਨ ਦੇਣ ਦੇ ਆਦੇਸ਼ ਦਿੱਤੇ। ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਸੀਨੀਅਰ ਸਿਟੀਜ਼ਨ ਕੌਂਸਲ ਦਫ਼ਤਰ ਮੋਗਾ ਲਈ ਐਲ.ਈ.ਡੀ ਵੀ ਭੇਟ ਕੀਤੀ ਗਈ।

ਇਸ ਸਮਾਗਮ ਦੌਰਾਨ ਵੱਡੀ ਉਮਰ ਦੇ 8 ਬਜ਼ੁਰਗਾਂ ਹਰਬੰਸ ਸਿੰਘ ਭਾਊ, ਹਾਕਮ ਸਿੰਘ ਵੈਦ, ਅਮਰ ਸਿੰਘ, ਸੰਤਾ ਸਿੰਘ, ਮੋਹਣ ਸਿੰਘ, ਗਿਆਨ ਸਿੰਘ, ਪੂਰਨ ਸਿੰਘ ਅਤੇ ਨਿਰੰਜਨ ਸਿੰਘ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਸੀਨੀਅਰ ਸਿਟੀਜਨ ਕੌਂਸਲ ਮੋਗਾ ਦੇ ਪ੍ਰਧਾਨ ਸਰਦਾਰੀ ਲਾਲ ਕਾਮਰਾ ਨੇ ਅੰਤਰ-ਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ਼ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਪੰਜਾਬ ਸਰਕਾਰ ਵੱਲੋਂ ਬਜ਼ਰਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਵਿਸ਼ੇਸ਼ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕੌਂਸਲ ਵੱਲੋਂ ਬਜ਼ੁਰਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਵਿਸ਼ਥਾਰ-ਪੂਰਵਿਕ ਜਾਣਕਾਰੀ ਦਿੱਤੀ। ਉਨ੍ਹਾਂ ਬਜ਼ੁਰਗਾਂ ਨੂੰ ਆਸ਼ਾਵਾਦੀ ਸੋਚ ਦੇ ਧਾਰਨੀ ਬਣਨ ਲਈ ਪ੍ਰੇਰਿਤ ਕੀਤਾ ਅਤੇ ਆਪਣੇ ਪ੍ਰੀਵਾਰ, ਸਮਾਜ ਅਤੇ ਰਾਸ਼ਟਰ ਪ੍ਰਤੀ ਉਸਾਰੂ ਸੋਚ ਅਪਨਾਉਣ 'ਤੇ ਜ਼ੋਰ ਵੀ ਦਿੱਤਾ। ਇਸ ਮੌਕੇ ਕੌਂਸਲ ਦੇ ਵਾਈਸ ਪ੍ਰਧਾਨ ਦਰਬਾਰਾ ਸਿੰਘ ਗਿੱਲ ਨੇ ਆਏ ਬਜ਼ੁਰਗਾਂ ਅਤੇ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ/ਕ੍ਰਮਚਾਰੀਆਂ ਦਾ ਧੰਨਵਾਦ ਕੀਤਾ। ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ ਅਤੇ ਸਮੂਹ ਉਪ ਮੰਡਲ ਮੈਜਿਸਟ੍ਰੇਟ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਕੌਂਸਲ ਦੇ ਮੈਂਬਰ ਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਦੇ ਕਰਮਚਾਰੀ ਹਾਜ਼ਰ ਸਨ।

# ਪੰਜਾਬ ਸਰਕਾਰ ਤੇ ਪੀ.ਜੀ.ਆਈ.ਐੱਮ.ਈ.ਆਰ. ਸਿਹਤ ਖੇਤਰ 'ਚ ਆਰਟੀਫੀਸ਼ਲ ਇੰਟੈਲੀਜੈਂਸ ਨੂੰ ਪ੍ਰਫੁੱਲਿਤ ਕਰੇਗਾ : ਵਰਮਾ



ਚੰਡੀਗੜ੍ਹ, 2 ਅਕਤੂਬਰ (ਗਿਆਨ ਸਿੰਘ): ਖੇਤਰ ਨੂੰ ਸੰਸਥਾਗਤ ਤੌਰ 'ਤੇ ਮਜਬੂਤੀ ਪ੍ਰਦਾਨ ਕਰਨ ਦੇ ਉਦੇਸ਼ ਨਾਲ 'ਆਰਟੀਫੀਸ਼ਲ ਇੰਟੈਲੀਜੈਂਸ (ਏ.ਆਈ)' ਨੂੰ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਅਤੇ ਪ੍ਰਫੁੱਲਿਤ ਕਰਨ ਲਈ ਪੰਜਾਬ ਸਰਕਾਰ ਅਤੇ ਪੋਸਟ ਗਰੈਜੁਏਟ ਇੰਸਟੀਚਿਊਟ ਆਫ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਵਲੋਂ ਸਿਹਤ ਖੇਤਰ ਵਿੱਚ ਸਾਂਝੇ ਯਤਨ ਕਰਨ ਲਈ ਸਹਿਮਤੀ ਪ੍ਰਗਟਾਈ ਗਈ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਾਇੰਸ, ਤਕਨਾਲੋਜੀ ਤੇ ਵਾਤਾਵਰਣ ਦੇ ਪ੍ਰਮੁੱਖ ਸਕੱਤਰ ਸ਼੍ਰੀ ਰਾਕੇਸ਼ ਵਰਮਾ ਨੇ ਅੱਜ ਦੱਸਿਆ ਕਿ ਕੋਲੇ ਤੇ ਸਟੀਮ , ਬਿਜਲੀ ਤੇ ਇਲੈਕਟ੍ਰਾਨਿਕਸ ਅਤੇ ਕੰਪਿਊਟਰ ਖੇਤਰ ਵਿੱਚ ਆਈ ਕ੍ਰਾਂਤੀ ਤੋਂ ਬਾਅਦ ਹੁਣ ਆਰਟੀਫੀਸ਼ਲ ਇੰਟੈਲੀਜੈਂਸ ਦੇ ਖੇਤਰ ਵਿੱਚ ਚੌਥੀ ਕ੍ਰਾਂਤੀ ਆਈ ਹੈ। ਸਿਹਤ ਸਬੰਧੀ ਮਸਲਿਆਂ ਨੂੰ ਸੁਚੱਜੇ ਢੰਗ ਨਾਲ ਨਜਿੱਠਣ ਲਈ ਏ.ਆਈ ਨਾ ਕੇਵਲ ਨਵੇਕਲੀ ਤਕਨਾਲੋਜੀ ਦਾ ਇੱਕ ਸਿਰਮੌਰ ਰੂਪ ਹੈ ਜਿਸ ਨਾਲ ਵੱਖ ਵੱਖ ਸਿਹਤ ਸਮੱਸਿਆਵਾਂ ਦਾ ਇਲਾਜ ਕੀਤਾ ਸੰਭਵ ਹੈ ਸਗੋਂ ਇਸਦਾ ਆਲਮੀ ਵਿਕਾਸ ਵਿੱਚ ਅਨਿੱਖੜਵਾਂ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਏ.ਆਈ ਨੂੰ ਪ੍ਰਫੁੱਲਿਤ ਕਰਨ ਦਾ ਇਹ ਉਪਰਾਲਾ ਸੂਬੇ ਵਿੱਚ ਸਿਹਤ ਖੇਤਰ ਦੇ ਸਰਬਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ।

ਪ੍ਰਮੁੱਖ ਸਕੱਤਰ ਬਾਇਓਮੈਡੀਕਲ ਡਿਵਾਈਸਿਜ਼ ਐਂਡ ਇੰਸਟਰੂਮੈਂਟ ਹੱਬ ਪੀਜੀਆਈਐਮਈਆਰ, ਚੰਡੀਗੜ੍ਹ ਵਲੋਂ ਆਯੋਜਿਤ ਐਪਲੀਕੇਸ਼ਨ ਆਫ ਏ.ਆਈ. ਇਨ ਬਾਇਓਮੈਡੀਕਲ ਇੰਸਟਰੂਮੈਂਟੇਸ਼ਨ ਐਂਡ ਸਰਟੀਫੀਕੇਸ਼ਨ ਆਫ ਬਾਇਓਮੈਡੀਕਲ ਡਿਵਾਈਸਿਜ਼ ਸਬੰਧੀ ਇੱਕ ਰੋਜ਼ਾ ਸਿੰਪੋਜ਼ੀਅਮ ਵਿੱਚ ਡਾਕਟਰਾਂ ਤੇ ਸਾਇੰਸਦਾਨਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਜੋਰ ਦਿੰਦਿਆਂ ਕਿਹਾ ਪੀਜੀਆਈ ਸਥਿਤ ਮੈਡੀਕਲ ਡਿਵਾਈਸ ਹੱਬ ਦੇ ਸੰਸਥਾਗਤ ਮਜਬੂਤੀਕਰਨ, ਆਈਆਈਟੀ ਰੋਪੜ ਵਿਖੇ ਹਾਈਐਂਡ ਇੰਸਟਰੂਮੈਂਟੇਸ਼ਨ ਐਂਡ ਐਕਸਪਰਟੀਜ਼, ਸਾਫਟਵੇਅਰ ਤਕਨਾਲੋਜੀ ਪਾਰਕ ਆਫ ਇੰਡੀਆ (ਐਸ.ਟੀ.ਪੀ.ਆਈ) ਮੋਹਾਲੀ ਵਿਖੇ ਸੈਂਟਰ ਆਫ ਐਕਸੀਲੈਂਸ ਦੀ ਸਥਾਪਨਾ ਸਮੇਂ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਲਾਹੇਵੰਦ ਹਨ।

ਉਨ੍ਹਾਂ ਦੱਸਿਆ ਕਿ ਏਆਈ ਅਤੇ ਮੈਡੀਕਲ ਡਿਵਾਈਸਿਜ਼ ਨੂੰ ਪ੍ਰਫੁੱਲਿਤ ਕਰਨ ਦੇ ਮੱਦੇਨਜ਼ਰ ਮੋਹਾਲੀ ਵਿਖੇ ਗਲੋਬਲ ਇਨੋਵੇਸ਼ਨ ਹੱਬ ਐਂਡ ਲਾਈਫਸਾਇੰਸ ਪਾਰਕ ਸਥਪਤ ਕੀਤਾ ਜਾ ਰਿਹਾ ਹੈ।

ਹਾਲ ਹੀ ਸ਼ੁਰੂ ਕੀਤੇ ਮਿਸ਼ਨ ਇਨੋਵੇਟ ਅਤੇ ਮਿਸ਼ਨ ਤੰਦਰੁਸਤ ਪੰਜਾਬ 2.0 ਉਨ੍ਹਾਂ ਸਿਹਤ ਖੇਤਰ ਵਿੱਚ ਗੁੰਝਲਦਾਰ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਏ.ਆਈ ਦੀ ਭੂਮਿਕਾ ਤੇ ਮਹੱਤਤਾ ਨੂੰ ਉਜਾਗਰ ਕੀਤਾ।

ਉਨ੍ਹਾਂ ਆਲਮੀ ਔਸਤ ਦੇ ਨਿਸਬਤ ਸਿਹਤ ਦੇਖਭਾਲ ਤੇ ਮੈਡੀਕਲ ਯੰਤਰਾਂ ਸਬੰਧੀ ਭਾਰਤ ਦਾ ਪ੍ਰਤੀ ਵਿਅਕਤੀ ਖਰਚੇ ਨੂੰ ਵੀ ਉਭਾਰਿਆ ਅਤੇ ਮੌਜੂਦਾ ਸਮੇਂ ਵਿੱਚ ਆਯਾਤ ਕੀਤੇ ਜਾ ਰਹੇ 70-75 ਫੀਸਦ ਮੈਡੀਕਲ ਯੰਤਰਾਂ ਬਾਰੇ ਵੀ ਜ਼ਿਕਰ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਮੈਡੀਕਲ ਯੰਤਰਾਂ ਦੇ ਖੇਤਰ ਵਿੱਚ ਏਆਈ ਦੀ ਵਰਤੋਂ ਦੇ ਮੱਦੇਨਜ਼ਰ ਭਾਰਤ ਦੁਨੀਆਂ ਦੇ ਨਕਸ਼ੇ ਵਿੱਚ ਏ.ਆਈ ਦੇ ਨਵੇਕਲੇ ਬ੍ਰਾਂਡ ਵਜੋਂ ਆਪਣੀ ਪਕੜ ਅਤੇ ਵਿਸ਼ੇਸ਼ਤਾਵਾਂ ਦਰਜ ਕਰਾਉਣ ਲਈ ਯਤਨਸ਼ੀਲ ਹੈ।

ਇਸ ਮੌਕੇ ਪੀਜੀਆਈਐਮਈਆਰ ਦੇ ਡਾਇਰੈਕਟਰ ਡਾ. ਜਗਤ ਰਾਮ ਨੇ ਪੰਜਾਬ ਸਰਕਾਰ ਦੇ ਉਪਰਾਲਿਆਂ ਸਵੀਕਾਰਦਿਆਂ ਸਾਇੰਸ, ਤਕਨਾਲੋਜੀ ਤੇ ਵਾਤਾਵਰਣ ਦੇ ਪ੍ਰਮੁੱਖ ਸਕੱਤਰ ਦਾ ਨਵੀਆਂ ਖੋਜਾਂ ਨੂੰ ਮਜਬੂਤੀ ਪ੍ਰਦਾਨ ਕਰਨ ਸਬੰਧੀ ਪਹਿਲ-ਕਦਮੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਧੰਨਵਾਦ ਕੀਤਾ।

# ਕੈਪਟਨ ਵੱਲੋਂ ਕੇਂਦਰੀ ਟੀਮ ਨਾਲ ਕਰਤਾਰਪੁਰ ਲਾਂਘੇ ਦੀ ਪ੍ਰਗਤੀ ਦਾ ਜਾਇਜ਼ਾ



## ਈ-ਪਰਮਿਟ ਅਤੇ ਵਿਸ਼ੇਸ਼ ਪਾਸਪੋਰਟ ਸੇਵਾ ਕੇਂਦਰ ਸਥਾਪਤ ਕਰਨ ਦਾ ਸੁਝਾਅ

ਚੰਡੀਗੜ੍ਹ, 2 ਅਕਤੂਬਰ (ਗਿਆਨ ਸਿੰਘ ) ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕੇਂਦਰ ਸਰਕਾਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਦੌਰਾਨ ਗੁਰਦੁ-ਆਰਾ ਸ਼੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀ ਸੰਗਤ ਵਾਸਤੇ ਆਨਲਾਈਨ ਅਪਲਾਈ ਕਰਨ ਲਈ ਮਿੱਥੇ ਗਏ 30 ਦਿਨ ਦੇ ਸਮੇਂ ਨੂੰ ਘਟਾਉਣ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਨੇ ਅੱਜ ਇੱਥੇ ਇਕ ਉੱਚ ਪੱਧਰੀ ਮੀਟਿੰਗ ਦੌਰਾਨ ਕੇਂਦਰ ਸਰਕਾਰ ਦੇ ਅਧਿਕਾਰੀਆਂ ਨਾਲ ਕਰਤਾਰਪੁਰ ਲਾਂਘੇ ਦੇ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ।

ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਟੀਮ ਨੂੰ ਸ਼ਰਧਾਲੂਆਂ ਲਈ ਈ-ਪਰਮਿਟ ਜਾਰੀ ਕਰਨ ਦੀ ਸੰਭਾਵਨਾ ਤਲਾਸ਼ਣ ਤੋਂ ਇਲਾਵਾ ਡੇਰਾ ਬਾਬਾ ਨਾਨਕ ਵਿਖੇ ਪਾਸਪੋਰਟ ਸੇਵਾ ਕੇਂਦਰ ਸਥਾਪਤ ਕਰਨ ਲਈ ਵੀ ਆਖਿਆ ਤਾਂ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਵੀਜ਼ਾ ਅਪਲਾਈ ਕਰਨ ਵਾਲੀ ਲੱਖਾਂ ਦੀ ਗਿਣਤੀ ਵਿੱਚ ਸੰਗਤ ਨੂੰ ਸਹੂਲਤ ਹਾਸਲ ਹੋ ਸਕੇ। ਉਨ੍ਹਾਂ ਕਿਹਾ ਕਿ ਅਜਿਹਾ ਸੇਵਾ ਕੇਂਦਰ ਦੂਰ-ਦਰਾਡੇ ਅਤੇ ਪੇਂਡੂ ਇਲਾਕਿਆਂ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਸਹਾਈ ਸਿੱਧ ਹੋਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਪਾਕਿਸਤਾਨ 'ਤੇ ਦਬਾਅ ਬਣਾ ਕੇ ਸ਼ਰਧਾਲੂਆਂ ਲਈ ਮਿੱਥੀ 20 ਡਾਲਰ ਫੀਸ ਨੂੰ ਹਟਾਉਣ ਦੀ ਮੁੜ ਅਪੀਲ ਕੀਤੀ।

ਇਸੇ ਦੌਰਾਨ ਮੁੱਖ ਮੰਤਰੀ ਨੇ ਚੰਡੀਗੜ੍ਹ ਦੇ ਰੀਜਨਲ ਪਾਸਪੋਰਟ ਅਫ਼ਸਰ ਨੂੰ ਆਖਿਆ ਕਿ ਸ਼ਰਧਾਲੂਆਂ ਨੂੰ ਪਹਿਲ ਦੇ ਆਧਾਰ 'ਤੇ ਪਾਸਪੋਰਟ ਸੇਵਾਵਾਂ ਮੁਹੱਈਆ ਕਰਵਾਉਣ ਲਈ ਫਾਸਟ ਟਰੈਕ ਅਤੇ ਪਹੁੰਚਯੋਗ ਢੰਗ-ਤਰੀਕਾ ਯਕੀਨੀ ਬਣਾਉਣ ਲਈ ਆਖਿਆ। ਉਨ੍ਹਾਂ ਨੇ ਵਿਭਾਗ ਨੂੰ ਇਹ ਵੀ ਆਖਿਆ ਕਿ ਆਨਲਾਈਨ ਅਪਲਾਈ ਕਰਨ ਲਈ ਸ਼ਰਧਾਲੂਆਂ ਦੀ ਮਦਦ ਵਾਸਤੇ ਸੂਬਾ ਭਰ ਵਿੱਚ ਪਾਸ-ਪੋਰਟ ਕੈਂਪ ਲਾਉਣੇ ਤੁਰੰਤ ਸ਼ੁਰੂ ਕੀਤੇ ਜਾਣ।

ਸ਼ਰਧਾਲੂਆਂ ਦੀ ਸਹੂਲਤ ਲਈ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਪ੍ਰਤੀ ਵਿਅਕਤੀ 10 ਹਜ਼ਾਰ ਰੁਪਏ ਦੀ ਭਾਰਤੀ ਕਰੰਸੀ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਹ ਯਕੀਨੀ ਬਣਾਏ ਕਿ ਲਾਂਘੇ ਵਾਲੀ ਥਾਂ 'ਤੇ ਪਾਕਿਸਤਾਨ ਵੱਲੋਂ ਕਰੰਸੀ ਵਟਾਉਣ ਲਈ ਲੋੜੀਂਦੇ ਬੂਥ ਸਥਾਪਤ ਕੀਤੇ ਜਾਣ।

ਭਾਰਤ ਵਾਲੇ ਪਾਸੇ ਉਸਾਰੇ ਜਾ ਰਹੇ ਪੁਲ ਅਤੇ ਚਾਰ-ਮਾਰਗੀ ਹਾਈਵੇਅ ਦੇ ਨਾਲ-ਨਾਲ ਦਰਸ਼ਨ ਸਥਲ ਦੇ ਡਿਜ਼ਾਈਨ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕੇਂਦਰੀ ਟੀਮ ਨੂੰ ਇਨ੍ਹਾਂ ਦਾ ਕੰਮ ਛੇਤੀ ਤੋਂ ਛੇਤੀ ਨਿਬੇੜਣ ਲਈ ਆਖਿਆ। 177.50 ਕਰੋੜ ਦੀ ਲਾਗਤ ਨਾਲ ਉਸਾਰੀ ਜਾ ਰਹੇ ਆਲ੍ਹਾ ਦਰਜੇ ਦੀ ਪੈਸੰਜਰ ਟਰਮੀਨਲ ਦੀ ਇਮਾਰਤ ਬਾਰੇ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਕਿ ਕੇਂਦਰੀ ਟੀਮ ਵੱਲੋਂ ਇਸ ਦੀ ਪ੍ਰਗਤੀ ਦੀ ਨੇੜਿਓਂ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਇਹ ਪ੍ਰੋਜੈਕਟ 31 ਅਕਤੂਬਰ, 2019 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

ਮੁੱਖ ਮੰਤਰੀ ਨੇ ਮੌਜੂਦਾ ਸਾਲ ਦੌਰਾਨ ਅੰਤਰਰਾਸ਼ਟਰੀ ਸਰਹੱਦ ਨਾਲ ਜੁੜਨ ਲਈ ਆਰਜ਼ੀ ਤੌਰ 'ਤੇ ਉਸਾਰੀ ਜਾ ਰਹੀ ਸਰਵਿਸ ਰੋਡ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਮੀਟਿੰਗ ਦੌਰਾਨ ਦੱਸਿਆ ਗਿਆ ਕਿ ਇਹ ਪ੍ਰੋਜੈਕਟ 15 ਅਕਤੂਬਰ, 2019 ਤੱਕ ਮੁਕੰਮਲ ਹੋ ਜਾਵੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਟੀਮ ਨੂੰ ਆਖਿਆ ਕਿ ਸ਼ਹਿਰੀ ਹਵਾਬਾਜ਼ੀ ਵਿਭਾਗ ਅਤੇ ਰੇਲਵੇ ਵੱਲੋਂ ਕ੍ਰਮਵਾਰ ਅੰਮ੍ਰਿਤਸਰ ਹਵਾਈ ਅੱਡੇ ਅਤੇ ਸ਼ਹਿਰ ਦੇ ਰੇਲਵੇ ਸਟੇਸ਼ਨ ਦੀ ਦਿੱਖ ਸੰਵਾਰਨ ਦਾ ਕੰਮ ਛੇਤੀ ਤੋਂ ਛੇਤੀ ਮੁਕੰਮਲ ਕੀਤਾ ਜਾਵੇ।

ਕੈਪਟਨ ਅਮਰਿੰਦਰ ਸਿੰਘ ਵੱਲੋਂ ਰੋਜ਼ਾਨਾ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਬਾਰੇ ਪੁੱਛੇ ਜਾਣ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਸੰਯੁਕਤ ਸਕੱਤਰ ਐਸ.ਸੀ.ਐਲ. ਦਾਸ ਨੇ ਦੱਸਿਆ ਕਿ ਕੇਂਦਰੀ ਟੀਮ ਨੇ ਆਪਣੇ ਪਾਕਿਸਤਾਨੀ ਹਮਰੁਤਬਿਆਂ ਕੋਲ ਇਸ ਮਸਲੇ ਨੂੰ ਉਠਾਇਆ ਹੋਇਆ ਹੈ। ਪਾਕਿਸਤਾਨ ਹੁਣ ਤੱਕ ਰੋਜ਼ਾਨਾ ਵੱਧ ਤੋਂ ਵੱਧ 5000 ਸ਼ਰਧਾਲੂਆਂ ਨੂੰ ਜਾਣ ਦੀ ਇਜਾਜ਼ਤ ਦੇਣ ਲਈ ਸਹਿਮਤ ਹੋਇਆ ਹੈ ਅਤੇ ਵਿਸ਼ੇਸ਼ ਦਿਨਾਂ ਦੌਰਾਨ ਇਸ ਦੀ ਹੱਦ ਵਧਾਉਂਦਿਆਂ 10,000 ਜਾਂ ਇਸ ਤੋਂ ਵੱਧ ਹੋਵੇਗੀ।

ਮੀਟਿੰਗ ਦੌਰਾਨ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਵਿਜੇ ਇੰਦਰ ਸਿੰਗਲਾ, ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ, ਸੰਤ ਸਮਾਜ ਦੀ ਉੱਘੀ ਸਖਸ਼ੀਅਤ ਬਾਬਾ ਸਰਬਜੋਤ ਸਿੰਘ ਬੇਦੀ, ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਵਧੀਕ ਮੁੱਖ ਸਕੱਤਰ ਗ੍ਰਹਿ ਸਤੀਸ਼ ਚੰਦਰਾ, ਵਧੀਕ ਮੁੱਖ ਸਕੱਤਰ ਸਹਿਕ-'ਰਤਾ ਕਲਪਨਾ ਮਿੱਤਲ ਬਰੂਆ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਪ੍ਰਮੁੱਖ ਸਕੱਤਰ ਜਲ ਸਰੋਤ ਸਰਬਜੀਤ ਸਿੰਘ, ਡੀ.ਜੀ.ਪੀ ਦਿਨਕਰ ਗੁਪਤਾ, ਡੀ.ਜੀ.ਪੀ. ਇੰਟੈਲੀਜੈਂਸ ਵੀ.ਕੇ. ਭਾਵਰਾ ਸ਼ਾਮਲ ਸਨ।

# ਮਗਨਰੇਗਾ ਯੂਨੀਅਨ ਵੱਲੋਂ ਹੜਤਾਲ ਖਤਮ, ਮੰਤਰੀ ਤ੍ਰਿਪਤ ਬਾਜਵਾ ਨਾਲ ਮੀਟਿੰਗ



ਚੰਡੀਗੜ੍ਹ, 2 ਅਕਤੂਬਰ (ਗਿਆਨ ਸਿੰਘ) ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਅੱਜ ਇੱਥੇ ਮਗਨਰੇਗਾ ਯੂਨੀਅਨ ਦੇ ਸਟਾਫ ਨਾਲ ਮੀਟਿੰਗ ਕੀਤੀ। ਜਿਸ ਉਪਰੰਤ ਮਗਨਰੇਗਾ ਯੂਨਿਅਨ ਵੱਲੋਂ ਹੜਤਾਲ ਖਤਮ ਕਰਨ ਦਾ ਫੈਸਲਾ ਲਿਆ ਗਿਆ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿਖੇ ਹੋਈ ਮੀਟਿੰਗ ਵਿਚ ਮਗਨਰੇਗਾ ਯੂਨੀਅਨ ਦੇ ਨੁਮਾਇੰਦਿਆਂ ਵਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਅਤੇ ਵਿਭਾਗ ਦੇ ਅਧਿਕਾਰੀਆਂ ਅੱਗੇ ਆਪਣੀਆਂ ਮੰਗਾਂ ਰੱਖੀਆਂ ਗਈਆਂ। ਇੰਨਾਂ ਮੰਗਾਂ ਨੂੰ ਮੰਤਰੀ ਅਤੇ ਅਧਿਕਾਰੀਆਂ ਵੱਲੋਂ ਬੜੇ ਗੋਰ ਨਾਲ ਸੁਣਿਆ ਗਿਆ ਅਤੇ ਯੁਨਿਅਨ ਨੂੰ ਵਿਸਵਾਸ਼ ਦਵਾਇਆ ਕਿ ਉਹਨਾਂ ਦੀਆਂ ਮੰਗਾਂ 'ਤੇ ਵਿਭਾਗ ਵਲੋਂ ਬਣਦੀ ਕਾਰਵਾਈ ਕੀਤੀ ਜਾਵੇਂਗੀ ਅਤੇ ਇਹਨਾਂ ਮੰਗਾਂ ਨੂੰ ਸਰਕਾਰ ਦੇ ਪੱਧਰ 'ਤੇ ਵੀ ਵਿਚਾਰਿ-ਰਆ ਜਾਵੇਗਾ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਨੇ ਇਹ ਵੀ ਵਿਸ਼ਵਾਸ ਦਵਾਇਆ ਕਿ ਹੜਤਾਲ ਦੌਰਾਨ ਮਗਨਰੇਗਾ ਮੁਲਾਜ਼ਮਾਂ ਵਿਰੁਧ ਜਾਰੀ ਕੀਤੇ ਗਏ ਪੱਤਰ ਵੀ ਵਾਪਿਸ ਲਏ ਜਾਣਗੇ। ਇਸ ਉਪਰੰਤ ਮਗਨਰੇਗਾ ਯੂਨਿਅਨ ਵੱਲੋਂ ਹੜਤਾਲ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਵਿਸ਼ਵਾਸ ਦਵਾਇਆ ਗਿਆ ਹੈ ਕਿ ਉਹਨਾਂ ਵੱਲੋਂ ਪਿਛਲੇ ਸਾਲ ਨਾਲੋ ਵੀ ਵੱਧ ਕੰਮ ਕਰਕੇ ਰਾਜ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਜਾਵੇਗਾ।

ਇਸ ਮੀਟਿੰਗ ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਲੋਂ ਡਿਪਟੀ ਡਾਇਰੈਕਟਰ ਹਰਦਿਆਲ ਸਿੰਘ ਚੱਠਾ ਅਤੇ ਮਗਨਰੇਗਾ ਯੂਨਿਅਨ ਵੱਲੋਂ ਵਰਿੰਦਰ ਸਿੰਘ (ਪ੍ਰਧਾਨ), ਅਮ੍ਰਿਤਪਾਲ ਸਿੰਘ (ਜਨਰਲ ਸਕੱਤਰ), ਅਮਰੀਕ ਸਿੰਘ (ਪ੍ਰੈਸ ਸਕੱਤਰ), ਰਣਧੀਰ ਸਿੰਘ (ਸੀਨੀਅਰ ਮੀਤ ਪ੍ਰਧਾਨ), ਹਰਪਿੰਦਰ ਸਿੰਘ (ਮੀਤ ਪ੍ਰਧਾਨ), ਜਗਤਾਰ ਸਿੰਘ (ਸਲਾਹਕਾਰ), ਰਮਨ ਕੁਮਾਰ, ਸੁਖਦੇਵ ਸਿੰਘ ਅਤੇ ਵਰਿੰਦਰ ਪਾਲ ਸਿੰਘ ਵੱਲੋਂ ਹਾਜ਼ਿਰ ਸਨ।

NEED A LAWYER ??

KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਗੌਰਡਨ ਰੈਂਡਲ ਸੀਨੀਅਰਜ਼ ਕਲੱਬ ਵੱਲੋਂ ਵਿਦਾਇਗੀ ਪਾਰਟੀ





ਹਰ ਸਾਲ ਦੀ ਤਰ੍ਹਾਂ ਸੀਨੀਅਰ ਕਲੱਬ ਮੈਂਬਰ ਸਰਦੀਆਂ 'ਚ ਆਪਣੇ ਵਤਨ ਜਾਣ ਲਈ ਕਾਹਲੇ ਰਹਿੰਦੇ ਹਨ। ਗੌਰਡਨ ਰੈਂਡਲ ਕਲੱਬ ਦੇ ਬਹੁ ਗਿਣਤੀ ਮੈਂਬਰ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਵਤਨ ਜਾ ਰਹੇ ਹਨ। ਇਸ ਮੌਕੇ ਗੌਰਡਨ ਰੈਂਡਲ ਕਲੱਬ ਵਲੋਂ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ ਗਿਆ। ਇਸ ਦੌਰਾਨ ਕਲੱਬ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਦੀ ਤੰਦਰੁਸਤੀ ਤੇ ਲੰਬੀ ਉਮਰ ਲਈ ਅਰਦਾਸ ਕੀਤੀ। ਵਧੇਰੇ ਜਾਣਕਾਰੀ ਲਈ ਕੁਲਦੀਪ ਸਿੰਘ ਢੀਂਡਸਾ ਨਾਲ 647-242-6008 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਾਡੇ ਜਨ ਸੇਵਕ ਆਪਣਾ ਟੈਕਸ ਖੁਦ ਕਿਉਂ ਨਹੀਂ ਦਿੰਦੇ

-ਪੂਨਮ ਆਈ ਕੌਸ਼ਿਸ਼




ਸਿਆਸਤ ਨਿੱਜੀ ਲਾਭ ਲਈ ਜਨਤਕ ਆਚਰਣ ਹੈ ਅਤੇ ਪਿਛਲੇ ਹਫਤੇ ਇਹ ਗੱਲ ਉਦੋਂ ਸੱਚੀ ਸਿੱਧ ਹੋਈ, ਜਦੋਂ ਇਹ ਖਬਰ ਮਿਲੀ ਕਿ ਸੱਤ ਸੂਬਿਆਂ 'ਚ ਮੁੱਖ ਮੰਤਰੀਆਂ ਅਤੇ ਉਨ੍ਹਾਂ ਦੇ ਮੰਤਰੀ ਪ੍ਰੀਸ਼ਦ ਦੇ ਮੈਂਬਰਾਂ ਦੇ ਆਮਦਨ ਟੈਕਸ ਦਾ ਭੁਗਤਾਨ ਸਰਕਾਰੀ ਖਜ਼ਾਨੇ 'ਚੋਂ ਕੀਤਾ ਜਾਂਦਾ ਹੈ। ਮੰਤਰੀਆਂ ਨੂੰ ਤਨਖਾਹਾਂ ਅਤੇ ਹੋਰ ਭੱਤੇ ਤਾਂ ਮਿਲਦੇ ਹੀ ਹਨ, ਪਰ ਪਿਛਲੇ ਚਾਲੀ ਸਾਲਾਂ ਤੋਂ ਉਨ੍ਹਾਂ ਦੇ ਆਮਦਨ ਟੈਕ ਦਾ ਭੁਗਤਾਨ ਵੀ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਗਰੀਬ ਹਨ। ਕੀ ਤੁਸੀਂ ਸਾਨੂੰ ਬੇਵਕੂਫ ਬਣਾ ਰਹੇ ਹੋ?

ਇਸ ਮਾੜੀ ਪ੍ਰਥਾ ਦੀ ਸ਼ੁਰੂਆਤ 1981 ਤੋਂ ਯੂ ਪੀ ਵਿੱਚ ਵੀ ਪੀ ਸਿੰਘ ਨੇ ਇਸ ਆਧਾਰ 'ਤੇ ਕੀਤੀ ਸੀ ਕਿ ਉਨ੍ਹਾਂ ਦੇ ਮੰਤਰੀ ਬਹੁਤ ਗਰੀਬ ਹਨ, ਉਨ੍ਹਾਂ ਦੀ ਆਮਦਨ ਬਹੁਤ ਘੱਟ ਹੈ ਅਤੇ ਉਹ ਟੈਕਸ ਨਹੀਂ ਦੇ ਸਕਦੇ। ਉਸ ਤੋਂ ਬਾਅਦ ਅੱਜ ਤੱਕ 19 ਮੁੱਖ ਮੰਤਰੀਆਂ ਅਤੇ ਲਗਭਗ 1000 ਮੰਤਰੀਆਂ ਨੇ ਆਪਣਾ ਟੈਕਸ ਬਚਾਇਆ ਹੈ। ਪਿਛਲੇ ਸਾਲ ਮੰਤਰੀਆਂ ਦੇ ਟੈਕਸ ਦਾ ਬਿੱਲ 86 ਲੱਖ ਰੁਪਏ ਸੀ। ਯੂ ਪੀ ਹੀ ਨਹੀਂ, ਪੰਜਾਬ, ਮੱਧ ਪ੍ਰਦੇਸ਼, ਉਤਰਾਖੰਡ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਵੀ ਇਹ ਮਾੜੀ ਪ੍ਰਥਾ ਹੈ। ਇਹ ਵੱਖਰੀ ਗੱਲ ਹੈ ਕਿ ਮੱਧ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਕਮਲਨਾਥ ਦੀ ਆਮਦਨ 206 ਕਰੋੜ ਰੁਪਏ ਹੈ, ਉਨ੍ਹਾਂ ਤੋਂ ਪਹਿਲਾਂ ਵਾਲੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਛੇ ਕਰੋੜ ਰੁਪਏ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ 48 ਕਰੋੜ ਰੁਪਏ, ਛੱਤੀਸਗੜ੍ਹ ਦੇ ਮੁੱਖ ਮੰਤਰੀ ਭੂਪੇਸ਼ ਬਘੇਲ ਦੀ 23 ਕਰੋੜ ਰੁਪਏ, ਯੂ ਪੀ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਦੀ ਤਿੰਨ ਕਰੋੜ ਰੁਪਏ, ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਇੱਕ ਕਰੋੜ ਰੁਪਏ, ਬਸਪਾ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਦੀ 111 ਕਰੋੜ ਰੁਪਏ ਅਤੇ ਸਮਾਜਵਾਦੀ ਪਾਰਟੀ ਦੇ ਅਖਿਲੇਸ਼ ਯਾਦਵ ਦੀ ਆਮਦਨ 37 ਕਰੋੜ ਰੁਪਏ ਹੈ।

ਇਹੋ ਨਹੀਂ, ਕੁਝ ਰਾਜਾਂ ਵਿੱਚ ਸਾਬਕਾ ਮੁੱਖ ਮੰਤਰੀਆਂ ਲਈ ਉਮਰ ਭਰ ਲਈ ਬੰਗਲੇ ਤੇ ਪੈਨਸ਼ਨ ਦੀ ਵਿਵਸਥਾ ਕੀਤੀ ਗਈ ਹੈ। ਇਹ ਸਥਿਤੀ ਉਦੋਂ ਹੈ, ਜਦੋਂ 25 ਤੋਂ ਵੱਧ ਮੁੱਖ ਮੰਤਰੀਆਂ ਨੇ ਆਪਣੀ ਆਮਦਨ ਇੱਕ ਕਰੋੜ ਰੁਪਏ ਤੋਂ ਵੱਧ ਐਲਾਨੀ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਆਪਣੀ ਆਮਦਨ 375 ਕਰੋੜ ਰੁਪਏ ਦੱਸੀ ਹੈ, ਤਾਂ ਦੋ ਹੋਰ ਮੁੱਖ ਮੰਤਰੀਆਂ ਨੇ 100 ਕਰੋੜ ਰੁਪਏ ਤੋਂ ਵੱਧ, ਜਦ ਕਿ ਛੇ ਮੁੱਖ ਮੰਤਰੀਆਂ ਨੇ 10-50 ਕਰੋੜ ਰੁਪਏ ਅਤੇ 17 ਮੁੱਖ ਮੰਤਰੀਆਂ ਨੇ ਇੱਕ ਤੋਂ 10 ਕਰੋੜ ਰੁਪਏ ਐਲਾਨ ਹੈ।

ਕੇਂਦਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਤਰੀ ਮੰਡਲ 'ਚ 51 ਮੰਤਰੀ ਕਰੋੜਪਤੀ ਹਨ, ਜਿਨ੍ਹਾਂ ਦੀ ਔਸਤ ਜਾਇਦਾਦ 21.7 ਕਰੋੜ ਰੁਪਏ ਹੈ। ਚਾਰ ਮੰਤਰੀਆਂ ਨੇ ਆਪਣੀ ਜਾਇਦਾਦ ਚਾਲੀ ਕਰੋੜ ਰੁਪਏ ਤੋਂ ਜ਼ਿਆਦਾ ਐਲਾਨੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਹਰਸਿਮਰਤ ਕੌਰ ਬਾਦਲ ਨੇ ਆਪਣੀ ਜਾਇਦਾਦ 217 ਕਰੋੜ ਰੁਪਏ, ਭਾਜਪਾ ਦੇ ਪਿਊਸ਼ ਗੋਇਲ ਨੇ 95 ਕਰੋੜ ਰੁਪਏ, ਰਾਓ ਇੰਦਰਜੀਤ ਸਿੰਘ ਨੇ 42 ਕਰੋੜ ਰੁਪਏ ਤਾਂ ਅਮਿਤ ਸ਼ਾਹ ਨੇ ਚਾਲੀ ਕਰੋੜ ਰੁਪਏ ਐਲਾਨੀ ਹੈ। ਇਸ ਨਾਲ ਆਮ ਆਦਮੀ ਦੇ ਮੂੰਹ ਦਾ ਸੁਆਦ ਵਿਗੜ ਗਿਆ ਹੈ, ਜੋ ਪਹਿਲਾਂ ਹੀ ਮਹਿੰਗਾਈ ਅਤੇ ਬੇਰੋਜ਼ਗਾਰੀ ਦੀ ਮਾਰ ਝੱਲ ਰਿਹਾ ਹੈ।

ਸਵਾਲ ਉਠਦਾ ਹੈ ਕਿ ਸਾਡੇ ਜਨ ਸੇਵਕ ਆਪਣਾ ਟੈਕਸ ਖੁਦ ਕਿਉਂ ਨਹੀਂ ਦਿੰਦੇ? ਤੇ ਉਹ ਵੀ ਉਦੋਂ, ਜਦੋਂ ਉਸ 'ਚੋਂ ਜ਼ਿਆਦਾਤਰ ਕਰੋੜਪਤੀ ਹਨ। ਕੀ ਸਾਡੇ ਮੰਤਰੀ ਅਸਲੀ ਭਾਰਤ ਦੀ ਅਸਲੀਅਤ ਜਾਣਦੇ ਹਨ, ਜਿਸ ਦੀ ਰੱਖਿਆ ਕਰਨ ਦੀਆਂ ਉਹ ਕਸਮਾਂ ਖਾਂਦੇ ਹਨ? ਲੋਕਾਂ ਵੱਲੋਂ, ਲੋਕਾਂ ਦਾ ਅਤੇ ਲੋਕਾਂ ਲਈ ਲੋਕਤੰਤਰ ਦਾ ਕੀ ਹੋਵੇਗਾ? ਇਹੋ ਨਹੀਂ, ਉਨ੍ਹਾਂ ਵੱਲੋਂ ਆਮਦਨ ਦਾ ਐਲਾਨ ਵੀ ਸਿਰਫ ਦਿਖਾਵਾ ਹਨ। ਇੱਕ ਜ਼ਮਾਨਾ ਸੀ, ਜਦੋਂ ਸਾਡੇ ਦੇਸ਼ ਵਿੱਚ ਲਾਲ ਬਹਾਦਰ ਸ਼ਾਸਤਰੀ ਅਤੇ ਗੁਲਜ਼ਾਰੀ ਲਾਲ ਨੰਦਾ ਵਰਗੇ ਨੇਤਾ ਸਨ, ਜਿਨ੍ਹਾਂ ਕੋਲ ਫੁੱਟੀ ਕੌਡੀ ਨਹੀਂ ਸੀ, ਜਦ ਕਿ ਅੱਜ ਦੇ ਨੇਤਾਵਾਂ ਨੇ ਭਾਰੀ ਜਾਇਦਾਦਾਂ ਬਣਾ ਲਈਆਂ ਤੇ ਉਨ੍ਹਾਂ ਨੇ ਵਿਦੇਸ਼ਾਂ ਵਿੱਚ ਕਾਲਾ ਧਨ ਵੀ ਜਮ੍ਹਾ ਕੀਤਾ ਹੋਇਆ ਹੈ।

ਸਾਬਕਾ ਕੇਂਦਰੀ ਗ੍ਰਹਿ ਤੇ ਵਿੱਤ ਮੰਤਰੀ ਪੀ ਚਿਦੰਬਰਮ ਇਸ ਦੀ ਮਿਸਾਲ ਹਨ। ਸਕੂਲ ਅਧਿਆਪਕਾ ਤੋਂ ਦਲਿਤਾਂ ਦੀ ਮਸੀਹਾ ਬਣੀ ਮਾਇਆਵਤੀ ਆਪਣੀ ਵਿਸ਼ਾਲ ਜਾਇਦਾਦ ਨੂੰ ਇਸ ਆਧਾਰ 'ਤੇ ਨਹੀਂ ਠਹਿਰਾਉਂਦੀ ਹੈ ਕਿ ਜੇ ਠਾਕੁਰ ਅਤੇ ਬ੍ਰਾਹਮਣ ਕਰੋੜਪਤੀ ਹੋ ਸਕਦੇ ਤਾਂ ਦਲਿਤ ਕਿਉਂ ਨਹੀਂ? ਉਨ੍ਹਾਂ ਨੂੰ ਹੋਣਾ ਵੀ ਚਾਹੀਦਾ ਹੈ। ਜਦੋਂ ਮਾਇਆਵਤੀ ਤੋਂ ਉਨ੍ਹਾਂ ਦੀ ਜਗਮਗਾਂਦੇ ਹੀਰਿਆਂ ਦੇ ਹਾਰਾਂ ਬਾਰੇ ਪੁੱਛਿਆ ਜਾਵੇ ਤਾਂ ਉਹ ਕਹਿੰਦੀ ਹੈ ਕਿ ਇਹ ਉਨ੍ਹਾਂ ਨੂੰ ਉਨ੍ਹਾਂ ਦੇ ਗਰੀਬ ਸਮਰਥਕਾਂ ਨੇ ਪ੍ਰੇਮ ਵਜੋਂ ਭੇਟ ਕੀਤੇ ਹਨ। ਇਹੋ ਸਥਿਤੀ ਤੇਲਗੂ ਦੇਸ਼ਮ ਪਾਰਟੀ ਦੇ ਨੇਤਾ ਚੰਦਰਬਾਬੂ ਨਾਇਡੂ ਦੀ ਵੀ ਹੈ, ਜਿਨ੍ਹਾਂ ਦੀ ਜਾਇਦਾਦ 177 ਕਰੋੜ ਰੁਪਏ ਹੈ। ਮੁਲਾਇਮ ਸਿੰਘ ਯਾਦਵ ਅਤੇ ਲਾਲੂ ਯਾਦਵ ਦੀ ਵੀ ਕਰੋੜ ਰੁਪਏ ਦੀ ਜਾਇਦਾਦ ਹੈ। ਅਸਲ ਵਿੱਚ ਰਾਜਨੇਤਾ ਬਣਨ ਨਾਲ ਬਹੁਤ ਸਾਰੇ ਲਾਭ ਮਿਲਦੇ ਹਨ, ਜੋ ਹਮੇਸ਼ਾ ਸੱਤਾ ਤੇ ਜਨਤਕ ਸੋਮਿਆਂ ਦੀ ਦੁਰਵਰਤੋਂ ਵੀ ਕਰਦੇ ਹਨ।

ਨੇਤਾ ਉੱਤੇ ਆਮ ਟੈਕਸ ਦਾਤਾ ਹਰ ਮਹੀਨੇ 3.12 ਲੱਖ ਰੁਪਏ ਖਰਚ ਕਰਦੇ ਹਨ। ਸਾਡੇ ਨਵੇਂ ਮਹਾਰਾਜਿਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਦੀ ਸੂਚੀ ਬਹੁਤ ਲੰਮੀ ਹੈ। ਉਨ੍ਹਾਂ ਨੂੰ ਵੱਡੇ-ਵੱਡੇ ਬੰਗਲੇ ਮਿਲੇ ਹੋਏ ਹਨ, ਜਿੱਥੇ ਵੱਡੇ ਲਾਅਨ ਹਨ ਤੇ ਉਹ ਉਥੇ ਕਣਕ, ਸਬਜ਼ੀਆਂ ਤੱਕ ਉਗਾ ਸਕਦੇ ਹਨ। ਉਨ੍ਹਾਂ ਨੂੰ ਫਰਨੀਚਰ, ਏ ਸੀ, ਇੰਟਰਨੈੱਟ, ਬਿਜਲੀ, ਪਾਣੀ ਸਭ ਮੁਫਤ ਮਿਲਦਾ ਹੈ ਅਤੇ ਇਸ ਦੇ ਲਈ ਟੈਕਸ ਦਾਤਾ ਹਰ ਸਾਲ ਸੱਠ ਕਰੋੜ ਰੁਪਏ ਵਾਧੂ ਖਰਚ ਕਰਦੇ ਹਨ। ਇਹੋ ਨਹੀਂ, ਉਨ੍ਹਾਂ ਨੂੰ ਸਰਕਾਰੀ ਖਰਚੇ 'ਤੇ ਦੇਸ਼ ਵਿਦੇਸ਼ ਦੇ ਦੌਰੇ ਕਰਵਾਏ ਜਾਂਦੇ ਹਨ, ਹਵਾਈ ਅੱਡਿਆਂ 'ਤੇ ਖਾਣ ਪੀਣ ਦੀਆਂ ਮੁਫਤ ਸਹੂਲਤਾਂ ਦੱਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਆਵਾਜਾਈ ਭੱਤਾ, ਡਾਕਟਰੀ ਇਲਾਜ ਵਰਗੀਆਂ ਸਹੂਲਤਾਂ ਵੀ ਮੁਫਤ ਮਿਲਦੀਆਂ ਹਨ, ਕਾਰ ਖਰੀਦਣ ਲਈ ਲੋਨ ਮਿਲਦਾ ਹੈ। ਜ਼ਿਕਰ ਯੋਗ ਹੈ ਕਿ ਉਨ੍ਹਾਂ ਨੂੰ ਹਰ ਸਾਲ 4000 ਕਿਲੋਲੀਟਰ ਪਾਣੀ ਅਤੇ 50,000 ਯੂਨਿਟ ਬਿਜਲੀ ਮੁਫਤ ਮਿਲਦੀ ਹੈ। ਫਰਨੀਚਰ ਦੇ ਰੱਖ-ਰਖਾਅ ਲਈ 30,000 ਰੁਪਏ, ਤਿੰਨ ਟੈਲੀਫੋਨਾਂ ਲਈ ਹਰ ਸਾਲ ਡੇਢ ਲੱਖ ਮੁਫਤ ਕਾਲਜ਼, ਇਸ ਤੋਂ ਇਲਾਵਾ ਹਰੇਕ ਤਿੰਨ ਮਹੀਨਿਆਂ ਬਾਅਦ ਸੋਫਾ ਕਵਰ, ਧੁਆਈ ਦਾ ਖਰਚਾ ਅਤੇ ਬਾਡੀਗਾਰਡ ਹਾਸਲ ਕਰਵਾਏ ਜਾਂਦੇ ਹਨ।

ਕੀ ਸਾਡੇ ਜਨ ਸੇਵਕਾਂ ਨੂੰ, ਜੋ ਲੋਕਾਂ ਦੀ ਸੇਵਾ ਕਰਨ ਦੀਆਂ ਕਸਮਾਂ ਖਾਂਦੇ ਹਨ, ਆਮ ਲੋਕਾਂ ਤੋਂ ਸੁਰੱਖਿਆ ਲਈ ਸਿਪਾਹੀ ਦੀ ਲੋੜ ਹੈ। ਇਸ ਸਭ ਦਾ ਖਰਚਾ ਆਮ ਆਦਮੀ ਵੱਲੋਂ ਉਠਾਇਆ ਜਾਂਦਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨੇਤਾਵਾਂ ਨੂੰ ਵਿਸ਼ੇਸ਼ ਦਰਜਾ ਮਿਲਣਾ ਚਾਹੀਦਾ ਹੈ, ਪਰ ਲੋਕਰਾਜੀ ਸ਼ਾਸਨ ਦਾ ਮੂਲ ਸਿਧਾਂਤ ਇਹ ਹੈ ਕਿ ਸਾਰੇ ਨਾਗਰਿਕਾਂ ਨੂੰ ਬਰਾਬਰ ਮੰਨਿਆ ਜਾਵੇ, ਜੇ ਆਮ ਆਦਮੀ ਟੈਕਸ ਦਿੰਦਾ ਹੈ, ਸਾਡੇ ਨੇਤਾ ਅਤੇ ਮੰਤਰੀ ਵੀ ਦੇਣ। ਉਹ ਖੁਦ ਨੂੰ ਮਿਲਣ ਵਾਲੀਆਂ ਮੁਫਤ ਸਹੂਲਤਾਂ ਨੂੰ ਆਪਣਾ ਜਨਮ ਸਿੱਧ ਅਧਿਕਾਰ ਨਹੀਂ ਕਹਿ ਸਕਦੇ, ਜਿਨ੍ਹਾਂ ਕਾਰਨ ਆਮ ਆਦਮੀ ਤੇ ਖਾਸ ਆਦਮੀ ਵਿਚਾਲੇ ਪਾੜਾ ਵਧਦਾ ਜਾਂਦਾ ਹੈ ਅਤੇ ਆਮ ਆਦਮੀ ਦਾ ਸ਼ਾਸਕਾਂ ਤੋਂ ਮੋਹ ਭੰਗ ਹੋ ਰਿਹਾ ਹੈ। ਸਿੱਟੇ ਵਜੋਂ ਜਨਤਾ ਹੁਕਮਾਂ ਦੀ ਉਲੰਘਣਾ ਕਰਨ ਲੱਗ ਪਈ ਹੈ।

ਤ੍ਰਾਸਦੀ ਇਹ ਹੈ ਕਿ ਜਿੱਥੇ ਇੱਕ ਪਾਸੇ ਦੇਸ਼ 21ਵੀਂ ਸਦੀ ਵਿੱਚ ਦਾਖਲ ਹੋ ਚੁੱਕਾ ਹੈ, ਉਥੇ ਸਾਡੇ ਸੱਤਾਧਾਰੀ ਅਜੇ ਵੀ 19ਵੀਂ ਸਦੀ ਦੇ ਭਾਰਤ 'ਚ ਜਿਊਣਾ ਚਾਹੁੰਦੇ ਹਨ। ਉਹ ਕਿਸੇ ਵੀ ਨਿਯਮ ਨੂੰ ਮੰਨਣਾ ਨਹੀਂ ਚਾਹੁੰਦੇ ਅਤੇ ਕਾਨੂੰਨ ਦੇ ਜ਼ਰੀਏ ਸ਼ਾਸਨ ਕਰਨਾ ਚਾਹੁੰਦੇ ਹਨ। ਉਨ੍ਹਾਂ ਲਈ ਕੋਈ ਪਛਾਣ ਪੱਤਰ ਨਹੀਂ, ਕੋਈ ਸੁਰੱਖਿਆ ਜਾਂਚ ਨਹੀਂ, ਕੋਈ ਕਤਾਰ ਨਹੀਂ। ਉਨ੍ਹਾਂ ਦੀਆਂ ਕਾਰਾਂ ਰੈਡ ਲਾਈਟ ਜੰਪ ਕਰ ਸਕਦੀਆਂ ਹਨ ਅਤੇ ਜੇ ਕੋਈ ਉਨ੍ਹਾਂ ਦੀ ਇਸ ਗਲਤੀ 'ਤੇ ਉਂਗਲ ਉਠਾਵੇ ਤਾਂ ਉਸ ਨੂੰ ਉਨ੍ਹਾਂ ਦੇ ਗੁੱਸੇ ਦਾ ਸ਼ਿਕਾਰ ਬਣਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਅਸਲ ਵਿੱਚ ਸਾਡੇ ਲੋਕਤੰਤਰ 'ਚ ਵੀ ਆਈ ਪੀ ਕਲਚਰ ਪੁਰਾਣਾ ਹੋ ਚੁੱਕਾ ਹੈ ਤੇ 130 ਕਰੋੜ ਤੋਂ ਵੱਧ ਆਬਾਦੀ ਇਨ੍ਹਾਂ ਲੋਕਾਂ ਦੀ ਆਗਿਆ ਪਾਲਕ ਨਹੀਂ ਹੋ ਸਕਦੀ ਅਤੇ ਇੰਝ ਨਹੀਂ ਚੱਲੇਗਾ। ਸਮਾਂ ਆ ਗਿਆ ਹੈ ਕਿ ਨੇਤਾ ਦਿਖਾਵੇ ਦੀ ਡੂੰਘੀ ਨੀਂਦ ਤੋਂ ਜਾਗਣ ਤੇ ਸਮਝਣ ਕਿ ਭਾਰਤ ਉਨ੍ਹਾਂ ਦੀ ਨਿੱਜੀ ਜਗੀਰ ਨਹੀਂ, ਜਿੱਥੇ ਆਮ ਆਦਮੀ ਵੱਲੋਂ ਦਿੱਤੇ ਟੈਕਸਾਂ 'ਚੋਂ ਉਨ੍ਹਾਂ ਦੀਆਂ ਤਨਖਾਹਾਂ ਤੇ ਟੈਕਸਾਂ ਦਾ ਭੁਗਤਾਨ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਆਪਣੇ ਵਿਸ਼ੇਸ਼ ਅਧਿਕਾਰ ਛੱਡਣੇ ਪੈਣਗੇ ਅਤੇ ਨਾਲ ਵਿੱਤੀ ਸਹੂਲਤਾਂ ਨੂੰ ਅਲਵਿਦਾ ਕਹਿਣਾ ਪਵੇਗਾ। ਉਨ੍ਹਾਂ ਦੀ ਆਮਦਨ ਉਤੇ ਟੈਕਸ ਲਾਇਆ ਜਾਣਾ ਚਾਹੀਦਾ ਹੈ ਅਤੇ ਸਾਬਕਾ ਵਿਧਾਇਕਾਂ, ਸੰਸਦ ਮੈਂਬਰਾਂ ਨੂੰ ਪੈਨਸ਼ਨ ਮਿਲਣੀ ਬੰਦ ਹੋਣੀ ਚਾਹੀਦੀ ਹੈ ਕਿਉਂਕਿ ਉਹ ਇਸ ਦੇ ਹੱਕਦਾਰ ਨਹੀਂ ਹਨ। ਉਨ੍ਹਾਂ ਨੂੰ ਇੱਕ ਮਿਸਾਲ ਕਾਇਮ ਕਰਨੀ ਪਵੇਗੀ ਅਤੇ ਜੇ ਇੱਕ ਰਾਸ਼ਟਰ ਵਜੋਂ ਸਾਡੀ ਹੋਂਦ ਬਣਾਈ ਰੱਖਣੀ ਹੈ ਤਾਂ ਉਨ੍ਹਾਂ ਨੂੰ ਜੁਆਬਦੇਹ ਬਣਨਾ ਪਵੇਗਾ, ਉਸ ਤੋਂ ਬਾਅਦ ਹੀ ਉਹ 'ਮੇਰਾ ਭਰਾਤ ਮਹਾਨ' ਦੀ ਤਰਸ ਯੋਗ ਸਥਿਤੀ ਨੂੰ ਸਮਝ ਸਕਣਗੇ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੋਵੇਗਾ ਕਿ ਜਦ ਵੀ ਆਈ ਪੀ ਮੁਫਤ ਸਹੂਲਤਾਂ ਲੈਂਦੇ ਹਨ, ਸਾਰੇ ਨਿਯਮਾਂ ਨੂੰ ਤੋੜਦੇ ਹਨ ਤਾਂ ਉਹ ਕਿਸ ਤਰ੍ਹਾਂ ਲੋਕਤੰਤਰ ਦਾ ਅਪਮਾਨ ਕਰਦੇ ਹਨ। ਅੱਜ ਸਾਡੀ ਨਵੀਂ ਪੀੜ੍ਹੀ ਸਮਝਦਾਰ ਹੋ ਰਹੀ ਹੈ ਅਤੇ ਸਾਡੇ ਸ਼ਾਸਕਾਂ ਨੂੰ ਵੀ ਇਹ ਸੱਚਾਈ ਸਮਝਣੀ ਪਵੇਗੀ ਕਿ ਲੋਕਤੰਤਰ ਸਾਰਿਆਂ ਲਈ ਬਰਾਬਰੀ ਦੇ ਮੂਲ ਸਿਧਾਂਤ 'ਤੇ ਆਧਾਰਤ ਹੈ। ਉਹ ਦਿਨ ਚਲੇ ਗਏ, ਜਦੋਂ ਲੋਕ ਨੇਤਾਵਾਂ ਦਾ ਦਿਲੋਂ ਸਨਮਾਨ ਕਰਦੇ ਸਨ, ਅੱਜ ਉਨ੍ਹਾਂ ਨੂੰ ਭਾਰਤ ਦੀ ਹਰ ਸਮੱਸਿਆ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਸਮਾਂ ਆ ਗਿਆ ਹੈ ਕਿ ਸਾਡੇ ਨੇਤਾ ਸਵੈ ਪੜਚੋਲ ਕਰਨ ਅਤੇ ਵਿਵਸਥਾ 'ਚ ਆਏ ਵਿਗਾੜ ਦੇ ਉਨ੍ਹਾਂ 'ਤੇ ਹਾਵੀ ਹੋਣ ਤੋਂ ਪਹਿਲਾਂ ਇਸ ਨੂੰ ਦਰੁੱਸਤ ਕਰਨ। ਸਾਡੇ ਨੇਤਵਾਂ ਨੂੰ ਖੁਦ ਨੂੰ ਬਦਲਣਾ ਪਵੇਗਾ ਕਿਉਂਕਿ ਗਰੀਬ ਭਾਰਤ ਆਪਣੇ ਅਮੀਰ ਮੰਤਰੀਆਂ ਤੇ ਉਨ੍ਹਾਂ ਦੇ ਟੈਕਸਾਂ ਦਾ ਬੋਝ ਨਹੀਂ ਉਠਾ ਸਕਦਾ।

# ਇਸ ਰਾਹ ਦੇ ਨਾਂਅ ਲਿਖੋ ਇੱਕ ਸ਼ਾਮ ਹੋਰ

-ਜਗਵਿੰਦਰ ਜੋਧਾ

ਹਿੰਦੀ ਦਾ ਉਘਾ ਸ਼ਾਇਰ ਦੁਸ਼ਿਅੰਤ ਕੁਮਾਰ 42 ਸਾਲ ਜੀਵਿਆ ਤੇ ਉਸ ਨੂੰ ਸਦਾ ਲਈ ਵਿਦਾ ਹੋਇਆਂ 44 ਸਾਲ ਹੋ ਚੁੱਕੇ ਹਨ, ਪਰ ਉਸ ਦੀ ਮਕਬੂਲੀਅਤ ਇਨ੍ਹਾਂ 44 ਸਾਲਾਂ 'ਚ ਏਨੀ ਵਧੀ ਕਿ ਉਹ ਹਿੰਦੀ ਦਾ ਹੀ ਨਹੀਂ ਸਗੋਂ ਹਰ ਭਾਸ਼ਾ ਦੀ ਕਵਿਤਾ ਦਾ ਸਮਕਾਲੀ ਹੈ। ਉਸ ਦਾ ਜਨਮ ਯੂ ਪੀ ਦੇ ਬਿਜਨੌਰ ਖੇਤਰ ਵਿੱਚ 22 ਸਤੰਬਰ 1933 ਨੂੰ ਹੋਇਆ, ਪਰ ਕਾਗਜ਼ਾਂ ਵਿੱਚ ਇੱਕ ਸਤੰਬਰ ਲਿਖਿਆ ਗਿਆ। ਉਹ ਆਪਣੇ ਤੰਗਦਸਤੀ ਦੇ ਦੌਰ 'ਚ ਦੋਸਤਾਂ ਨੂੰ ਕਿਹਾ ਕਰਦਾ ਸੀ ਕਿ ਭਲਾ ਹੋਇਆ ਪਹਿਲੀ ਤਰੀਕ ਲਿਖੀ ਗਈ, ਘੱਟੋ ਘੱਟ ਇਸ ਦਿਨ ਤਨਖਾਹ ਦੇ ਪੈਸਿਆਂ ਨਾਲ ਪਾਰਟੀ ਹੋ ਜਾਏਗੀ, 22 ਤਰੀਕ ਤੱਕ ਤਾਂ ਮਾਯੂਸੀ ਪੱਲੇ ਰਹਿ ਜਾਂਦੀ ਹੈ। ਉਸ ਦਾ ਪਿਤਾ ਜਗੀਰਦਾਰ ਹੋਣ ਦੇ ਨਾਲ ਕਵੀ ਵੀ ਸੀ। ਕਥਾ ਮੁਤਾਬਕ ਬਿਜਨੌਰ ਇਲਾਕੇ 'ਚ ਦੁਸ਼ਿਅੰਤ ਤੇ ਸ਼ਕੁੰਤਲਾ ਦਾ ਪਿਆਰ ਪਰਵਾਨ ਚੜ੍ਹਿਆ ਸੀ। ਇਸੇ ਪ੍ਰਭਾਵ ਅਧੀਨ ਪਿਤਾ ਨੇ ਉਸ ਦਾ ਨਾਂਅ ਦੁਸ਼ਿਅੰਤ ਰੱਖਿਆ। ਕਾਲਜ ਦੀ ਪੜ੍ਹਾਈ ਦੌਰਾਨ ਕਵਿਤਾ ਲਿਖਦਿਆਂ ਦੁਸ਼ਿਅੰਤ ਪਰਦੇਸੀ ਉਪਨਾਮ ਨਾਲ ਛਪਿਆ। ਜਦੋਂ ਆਪਣੀ ਨੌਕਰੀ ਦੇ ਸਿਲਸਿਲੇ ਵਿੱਚ ਦੁਸ਼ਿਅੰਤ ਭੋਪਾਲ ਆਇਆ ਤਾਂ ਸਭ ਕੁਝ ਬਦਲ ਗਿਆ। ਉਸ ਤੋਂ ਪਹਿਲਾਂ ਉਸ ਨੇ ਨਾਟਕ ਲਿਖੇ ਸਨ, ਨਾਵਲ 'ਤੇ ਕਲਮ ਅਜ਼ਮਾਈ ਤੇ ਉਸ ਦੌਰ ਵਿੱਚ ਪ੍ਰਚੱਲਤ ਛਾਇਆਵਾਦ ਤੋਂ ਪ੍ਰਭਾਵਤ ਕਵਿਤਾਵਾਂ ਲਿਖੀਆਂ ਸਨ। ਰੇਡੀਓ ਦੀ ਨੌਕਰੀ ਕਾਰਨ ਅਨੁਵਾਦ ਵਿੱਚ ਉਸ ਦੀ ਦਿਲਚਸਪੀ ਜਾਗੀ, ਪਰ ਉਹ ਅਜਿਹਾ ਨਹੀਂ ਲਿਖ ਸਕਿਆ, ਜੋ ਉਸ ਦੇ ਅੰਤਰਮਨ ਦੀ ਪੇਸ਼ਕਾਰੀ ਕਰ ਸਕਿਆ ਹੋਵੇ, ਜਾਂ ਜਿਸ 'ਚੋਂ ਉਸ ਦਾ ਸਮਕਾਲ ਜੀਵੰਤ ਹੁੰਦਾ ਹੋਵੇ।

*ਮੈਂ ਜਿਸੇ ਓੜ੍ਹਤਾ-ਬਿਛਾਤਾ ਹੂੰ,*
*ਵੋ ਗ਼ਜ਼ਲ ਆਪਕੋ ਸੁਨਾਤਾ ਹੂੰ।*

ਕਾਲਜ ਦੀ ਪੜ੍ਹਾਈ ਦੌਰਾਨ ਦੁਸ਼ਿਅੰਤ ਕਾਵਿ ਸੰਮੇਲਨਾਂ 'ਚ ਜਾਣ ਲੱਗਿਆ। ਹੱਦ ਦਰਜੇ ਦਾ ਸਵੈਮਾਨੀ ਤੇ ਰੋਸ ਨਾਲ ਭਰੇ ਲਾਲ ਅੱਖਾਂ ਵਾਲੇ ਚਿਹਰੇ ਨਾਲ ਤੇ ਤਰੰਨੁਮ ਦੋਵਾਂ ਤਰ੍ਹਾਂ ਕਵਿਤਾ ਪੜ੍ਹਦਾ। ਇੱਕ ਵਾਰ ਕਵਿਤਾ ਪੜ੍ਹਨ ਲਈ ਕਾਨ-ਪੁਰ ਗਿਆ। ਕਵੀਆਂ ਲਈ ਰਾਤ ਦੀ ਰੋਟੀ ਦਾ ਪ੍ਰਬੰਧ ਸੇਠ ਦੇ ਘਰ ਕੀਤਾ ਗਿਆ। ਸੇਠ ਨੇ ਕਿਹਾ ਕਿ ਸ਼ਰਾਬੀ ਕਵੀਆਂ ਨੂੰ ਮੇਰੇ ਘਰ ਨਾ ਲਿਆਇਓ। ਮੇਰੇ ਘਰ ਦੇ ਕੀਮਤੀ ਕਲੀਨ ਗੰਦੇ ਕਰਨ ਦੀ ਕਿਸੇ ਨੂੰ ਆਗਿਆ ਨਹੀਂ। ਦੁਸ਼ਿਅੰਤ ਨੇ ਸੇਠ ਦੇ ਘਰ ਜਾਣ ਤੋਂ ਮਨ੍ਹਾ ਕਰ ਦਿੱਤਾ ਤੇ ਸੇਠ ਦੇ ਇੱਕ ਨੌਕਰ ਹੱਥ ਇੱਕ ਰੁੱਕਾ ਭੇਜਿਆ, ਜਿਸ ਉਪਰ ਇੱਕ ਸ਼ਿਅਰ ਲਿਖਿਆ ਸੀ :

*ਆਪਕਾ ਕਾਲੀਨ ਦੇਖੇਂਗੇ ਕਿਸੀ ਦਿਨ*
*ਇਸ ਸਮਯ ਤੋਂ ਪਾਂਵ ਕੀਚੜ ਮੇਂ ਸਨੇ ਹੈਂ।*

ਇਹ ਦੁਸ਼ਿਅੰਤ ਦੀਆਂ ਬੇਹੱਦ ਹਰਮਨ ਪਿਆਰੀਆਂ ਗ਼ਜ਼ਲਾਂ 'ਚੋਂ ਇੱਕ ਹੈ। ਭੋਪਾਲ ਆ ਕੇ ਉਹ ਕਮਲੇਸ਼ਵਰ ਦਾ ਮਿੱਤਰ ਬਣਿਆ। ਇਹ ਮਿੱਤਰਤਾ ਉਸ ਤੋਂ ਬਾਅਦ ਦੁਸ਼ਿਅੰਤ ਦੇ ਬਾਕੀ ਜ਼ਿੰਦਗੀ ਦਾ ਹਾਸਲ ਬਣੀ ਰਹੀ। ਉਹ ਭੋਪਾਲ ਦੇ ਸਾਹਿਤਕ ਹਲਕਿਆਂ 'ਚ ਵਿਚਰਨ ਲੱਗਾ ਜਿੱਥੇ ਉਸ ਸਮੇਂ ਉਰਦੂ ਦੀ ਤਰੱਕੀ ਪਸੰਦ ਤਹਿਰੀਕ ਦਾ ਬੋਲਬਾਲਾ ਸੀ। ਵਿਸ਼ੇਸ਼ ਕਰ ਕੇ ਦੋ ਗ਼ਜ਼ਲਗੋ ਕੈਫ਼ ਭੋਪਾਲੀ ਅਤੇ ਰਾਜ ਭੋਪਾਲੀ ਪ੍ਰਗਤੀਸ਼ੀਲ ਮੁਹਾਵਰੇ ਨੂੰ ਗਜ਼ਲ ਰੂਪ ਵਿੱਚ ਬੰਨ੍ਹ ਕੇ ਇਨਕਲਾਬੀ ਹਲਕਿਆਂ ਵਿੱਚ ਵੀ ਭੱਲ ਬਣਾ ਰਹੇ ਸਨ। ਹਿੰਦੀ ਕਵਿਤਾ ਦਾ ਖੇਤਰ ਅਗਿਏਯ ਅਤੇ ਮੁਕਤੀਬੋਧ ਦੇ ਕਾਵਿ ਦਰਸ਼ਨ ਨੂੰ ਸਮਝਣ ਦੇ ਆਹਰ ਵਿੱਚ ਸੀ। ਧੂਮਿਲ ਨੇ ਨਾਗਰਜੁਨ ਦਾ ਵੀ ਵਿਸ਼ੇਸ਼ ਪਾਠਕ ਵਰਗ ਸੀ। ਇਸ ਸਾਰੇ ਦ੍ਰਿਸ਼ ਵਿੱਚ ਸਮੋਅ ਕੇ ਨਵੇਂ ਕਵੀ ਆਪਣੇ ਲਈ ਜਗ੍ਹਾ ਬਣਾ ਰਹੇ ਸਨ। ਦੁਸ਼ਿਅੰਤ ਨੇ ਇਨ੍ਹਾਂ ਸਭ ਤੋਂ ਪ੍ਰਭਾਵ ਲਿਆ, ਪਰ ਕਿਸੇ ਵਰਗਾ ਨਹੀਂ ਬਣਿਆ। ਉਸ ਨੇ ਆਪਣਾ ਰਾਹ ਆਪ ਬਣਾਇਆ। ਉਸ ਨੇ ਪ੍ਰਗਤੀਵਾਦੀ ਵਿਚਾਰਧਾਰਾ ਤੋਂ ਪ੍ਰਤੀਰੋਧ ਦੀ ਭਾਵਨਾ ਲਈ, ਗਜ਼ਲ ਦਾ ਰੂਪ ਲਿਆ ਤੇ ਕਵਿਤਾ ਤੋਂ ਦਾਰਸ਼ਨਿਕ ਗਹਿਰਾਈ ਲਈ ਉਹ ਕਮਲੇਸ਼ਵਰ ਦੇ ਰਸਾਲੇ ਲਈ ਲਗਾਤਾਰ ਲਿਖਣ ਲੱਗਿਆ। ਇੱਕ ਸਾਲ ਦੇ ਅੰਦਰ ਹਾਲਤ ਇਹ ਸੀ ਕਿ ਜਿਸ ਅੰਕ ਵਿੱਚ ਦੁਸ਼ਿਅੰਤ ਦੀਆਂ ਦੋ ਗਜ਼ਲਾਂ ਵਾਲਾ ਵਿਸ਼ੇਸ਼ ਕਾਲਮ ਨਹੀਂ ਛਪਦਾ ਸੀ, ਉਸ ਅੰਕ ਦੀ ਕਾਊਂਟਰ ਵਿਕਰੀ ਅੱਧੀ ਰਹਿ ਜਾਂਦੀ।

ਉਰਦੂ ਦੇ ਟਕਸਾਲੀ ਗਜ਼ਲਕਾਰ ਹਿੰ-ਦੋਸਤਾਨ ਦੀਆਂ ਬਾਕੀ ਭਾਸ਼ਾਵਾਂ ਵਿੱਚ ਲਿਖੀ ਗਜ਼ਲ ਨੂੰ 'ਗਜ਼ਲ ਕੀ ਮਗਜ਼ਾਲੀ' ਕਹਿ ਕੇ ਰੱਦ ਕਰ ਦਿੰਦੇ ਸਨ। ਉਨ੍ਹਾਂ ਦਾ ਸਨਾਤਨੀ ਵਿਧਾਨ ਫਾਰਸੀ ਤੇ ਫਿਰ ਉਰਦੂ ਲਈ ਮੁਆਫਕ ਸੀ। ਵਿਸ਼ਿਆਂ ਪੱਖੋਂ ਵੀ ਉਹ ਪਰੰਪਰਾ ਵਿੱਚੋਂ ਤਰਸ, ਲਾਚਾਰਗੀ, ਬੇਬਸੀ, ਤਿਆਗ, ਬੇਵਫਾਈ ਆਦਿ ਨੂੰ ਚੁਣਦੇ ਸਨ। ਗਜ਼ਲ ਨੂੰ ਸਿਨਫ-ਏ-ਨਾਜ਼ੁਕ ਕਹਿ ਕੇ ਉਸ ਵਿੱਚ ਕਿਸੇ ਸੰਘਰਸ਼ ਦੀ ਗੱਲ ਕਰਨੀ ਗੁਨਾਹ ਦਾ ਕਾਰਜ ਸੀ। ਹਿੰਦੀ ਦੀ ਕਵਿਤਾ ਨੂੰ ਤਾਂ ਪੰਡਿਤਾਊ ਸ਼ਬਦਾਵਲੀ ਕਹਿ ਕੇ ਮਜ਼ਾਕ ਉਡਾਇਆ ਜਾਂਦਾ ਸੀ। ਫਿਰਾਕ ਗੋਰਖਪੁਰੀ ਨੇ ਕਈ ਮੰਚਾਂ ਤੋਂ ਹਿੰਦੀ ਕਵੀ ਸੂਰਿਆਕਾਂਤ ਤ੍ਰਿਪਾਠੀ ਨਿਰਾਲਾ ਦੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਨੂੰ ਹਸਾਇਆ। ਅਜਿਹੀ ਹਾਲਤ ਵਿੱਚ ਦੁਸ਼ਿਅੰਤ ਨੇ ਬੜਾ ਸੁਚੇਤ ਹੋ ਕੇ ਗੰਗਾ-ਯਮੁਨੀ ਤਹਿਜ਼ੀਬ ਵੱਲ ਰੁਖ਼ ਕੀਤਾ। ਉਸ ਨੇ ਕਿਤਾਬ ਦੀ ਭੂਮਿਕਾ ਵਿੱਚ ਲਿਖਿਆ-''ਮੈਂ ਉਰਦੂ ਨਹੀਂ ਜਾਣਦਾ, ਪਰ ਇਥੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਅਗਿਆਨਤਾ ਵੱਸ ਨਹੀਂ, ਜਾਣ ਕੇ ਹੋਈ ਹੈ। ਕੋਈ ਔਖਾ ਨਹੀਂ ਸੀ ਜੇ ਮੈਂ ਸ਼ਹਿਰ ਨੂੰ ਨਗਰ ਲਿਖ ਕੇ ਇਸ ਐਬ ਤੋਂ ਛੁਟਕਾਰਾ ਪਾ ਲੈਂਦਾ, ਪਰ ਮੈਂ ਉਰਦੂ ਦੇ ਸ਼ਬਦ ਉਸੇ ਰੂਪ ਵਿੱਚ ਵਰਤੇ ਜਿਸ ਰੂਪ ਵਿੱਚ ਉਹ ਹਿੰਦੀ 'ਚ ਰਲ-ਮਿਲ ਗਏ ਹਨ।''

*ਜੀਏਂ ਤੋ ਅਪਨੇ ਬਗੀਚੇ ਮੇਂ ਗੁਲਮੋਹਰ ਕੇ ਤਲੇ,*
*ਮਰੇਂ ਤੋ ਗ਼ੈਰ ਕੀ ਗਲੀਓਂ ਮੇਂ ਗੁਲ-ਮੋਹਰ ਕੇ ਲੀਏ।*

ਦੁਸ਼ਿਅੰਤ ਨੇ ਗਜ਼ਲ ਨੂੰ ਬੋਲਚਾਲ ਦੀ ਭਾਸ਼ਾ ਨਾਲ ਜੋੜਿਆ। ਇਸ ਲਈ ਆਮ ਮਨੁੱਖ ਦੀ ਗੱਲ ਆਮ ਮਨੁੱਖ ਦੇ ਲਹਿਜ਼ੇ ਵਿੱਚ ਉਸ ਦੇ ਦੁੱਖਾਂ-ਸੁੱਖਾਂ, ਮੁਸੀਬਤਾਂ, ਮਜਬੂਰੀਆਂ ਤੇ ਇੱਛਾਵਾਂ ਸਮੇਤ ਹੋਈ। ਉਸ ਨੇ ਆਪਣੇ ਇੱਕ ਲੇਖ ਵਿੱਚ ਮੰਨਿਆ ਵੀ ਹੈ ਕਿ ਅਮੀਰ ਖੁਸਰੋ ਵਾਲੀ ਭਾਸ਼ਾ ਉਸ ਨੂੰ ਪੋਹਦੀ ਹੈ। ਉਰਦੂ ਦਾ ਇੱਕ ਕਾਵਿਕ ਵਿਧਾਨ ਤੇ ਹਿੰਦਵੀ ਦੀ ਲੋਕ ਭਾਸ਼ਾ ਲੈ ਕੇ ਦੁਸ਼ਿਅੰਤ ਨੇ ਆਪਣੀ ਗਜ਼ਲ ਦਾ ਮੁਹਾਵਰਾ ਬਣਾਇਆ। ਉਸ ਦੀ ਰਾਜਸੀ ਸੂਝ ਇਸ ਸਾਰੇ ਵਰਤਾਰੇ ਪ੍ਰਤੀ ਸਾਧਾਰਨ ਮਨੁੱਖ ਦੀਆਂ ਸਮੱਸਿਆਵਾਂ ਵੱਲ ਮੂੰਹ ਕਰ ਕੇ ਆਪਣੀ ਗੱਲ ਕਹਿਣ ਵਿੱਚ ਸਫਲ ਹੋਈ:

*ਯੇ ਸਾਰਾ ਜਿਸਮ ਝੁਕ ਕਰ ਬੋਝ ਸੇ ਦੁਹਰਾ ਹੁਆ ਹੋਗਾ*
*ਮੈਂ ਸਜਦੇ ਮੇਂ ਨਹੀਂ ਥਾ ਆਪ ਕੋ ਧੋਖਾ ਹੁਆ ਹੋਗਾ*
**
*ਯਹਾਂ ਤਕ ਆਤੇ ਆਤੇ ਸੂਖ ਜਾਤੀ ਹੈਂ ਕਈ ਨਦੀਆਂ*
*ਮੁਝੇ ਮਾਲੂਮ ਹੈ ਪਾਨੀ ਕਹਾਂ ਠਹਿਰਾ ਹੁਆ ਹੋਗਾ*
**
*ਭੂਖ ਹੈ ਤੋ ਸਬਰ ਕਰ, ਰੋਟੀ ਨਹੀਂ ਤੋ ਕਿਆ ਹੂਆ*
*ਆਜਕਲ ਦਿੱਲੀ ਮੇਂ ਹੈ ਜ਼ੇਰੇ-ਬਹਿਸ ਏ ਮੁੱਦਾ*
**
*ਇਸ ਸ਼ਹਿਰ ਮੇਂ ਅਬ ਕੋਈ ਬਾਰਾਤ ਹੋ ਯਾ ਵਾਰਦਾਤ*
*ਅਬ ਕਿਸੇ ਭੀ ਬਾਤ, ਪਰ ਖੁਲਤੀ ਨਹੀਂ ਹੈਂ ਖਿੜਕੀਆਂ।*

70ਵਿਆਂ ਤੱਕ ਆਉਂਦੇ-ਆਉਂਦੇ ਆਜ਼ਾਦੀ ਦਾ ਸੁਫਨਾ ਚਰਮਰਾ ਗਿਆ ਸੀ। ਨਵੇਂ ਦੇਸ਼ ਦੀ ਸਿਰਜਣਾ ਦਾ ਨਹਿਰੂ ਮਾਡਲ ਬਸਤੀਵਾਦੀ ਤਰਜ਼ ਦੀ ਲਾਲੀ ਫੀਤਾਸ਼ਾਹੀ ਵਿੱਚ ਕੈਦ ਹੋ ਗਿਆ। ਨਵੀਂ ਦੁਨੀਆ ਦੀ ਸਿਰਜਣਾ ਦਾ ਰੂਸੀ ਮਾਡਲ ਦੂਜੀ ਆਲਮੀ ਜੰਗ ਤੋਂ ਬਾਅਦ ਫਿੱਕਾ ਪੈਂਦਾ ਪੈਂਦਾ ਬਦਰੰਗ ਹੋ ਗਿਆ ਸੀ। ਇਹੀ ਉਹ ਦੌਰ ਹੈ ਜਦੋਂ ਫਰਾਂਸ ਵਿੱਚ ਚੱਲੇ ਵਿਦਿਆਰਥੀ ਘੋਲ ਵਿੱਚ ਓਥੋਂ ਦਾ ਨੌਜਵਾਨ ਵਧ-ਚੜ੍ਹ ਕੇ ਹਿੱਸਾ ਲੈ ਰਹੇ ਸੀ। ਵੀਅਤਨਾਮ ਬਨਾਮ ਅਮਰੀਕਾ ਦੇ ਸਿਆਸੀ ਦਵੰਧ ਨੇ ਉਥੋਂ ਦੀ ਨਵੀਂ ਨਸਲ ਸਾਹਵੇਂ ਨਵੇਂ ਸਵਾਲ ਖੜ੍ਹੇ ਕੀਤੇ ਹੋਏ ਸਨ। ਕਿਊਬਨ ਕ੍ਰਾਂਤੀ ਦਾ ਸੂਤਰਧਾਰ ਚੀ ਗਵੇਰਾ ਲਾਤੀਨੀ ਅਮਰੀਕਾ ਦੀ ਜਵਾਨੀ ਨੂੰ ਇਨਕਲਾਬੀ ਹੁਲਾਰਾ ਦੇਣ ਵਿੱਚ ਸਫਲ ਰਿਹਾ ਸੀ ਤੇ ਭਾਰਤ ਦੀ ਬੇਚੈਨ ਜਵਾਨੀ ਨੇ ਹਥਿਆਰ ਚੁੱਕ ਕੇ ਤੰਤਰ ਨਾਲ ਸਿੱਧੀ ਟੱਕਰ ਦਾ ਮਨ ਬਣਾਇਆ ਸੀ। ਓਦੋਂ ਦੀ ਜਵਾਨੀ ਜਿਊਣ ਦੀ ਆਜ਼ਾਦੀ, ਮੁਹੱਬਤ ਲਈ ਸਮਾਨਤਾ ਤੇ ਆਰਥਿਕਤਾ ਵਿੱਚ ਬਰਾਬਰੀ ਦੀ ਅਣਹੋਂਦ ਕਾਰਨ ਰੋਹ ਭਰੀ ਪਈ ਸੀ। ਦੁਸ਼ਿਅੰਤ ਦਾ ਕਾਵਿ-ਨਾਵਿਕ ਸਮਾਜ ਦੇ ਇਸ ਸਾਹ ਘੁੱਟਵੇਂ ਧੂੰਏਂ ਨੂੰ ਪਾੜ ਦੇਣ ਦੀ ਫਿਰਾਕ ਵਿੱਚ ਹੈ। ਉਸ ਨੇ ਆਜ਼ਾਦੀ ਦੇ ਸੁਫਨੇ ਦੇ ਖੰਡਿਤ ਹੋਣ ਨੂੰ

*ਕਹਾਂ ਤੋ ਤਯ ਥਾ ਚਰਾਗਾਂ ਹਰੇਕ ਘਰ ਕੇ ਲੀਏ*
*ਕਹਾਂ ਚਰਾਗ ਮਯੱਸਰ ਨਹੀਂ ਸ਼ਹਿਰ ਕੇ ਲੀਏ*

ਦੇ ਖਿਆਲ ਰਾਹੀਂ ਪੇਸ਼ ਕੀਤਾ। ਇਹ ਉਸ ਸਮੇਂ ਚੁੱਪ ਦੀ ਭਿਆਨਕਤਾ ਦੇ ਬਦਲ ਵਜੋਂ ਆਮ ਨੌਜਵਾਨ ਦੇ ਅਹਿਸ-ਾਸ ਸਨ ਤੇ ਭਵਿੱਖ ਦੀਆਂ ਹਥਿਆਰਬੰਦ ਲਹਿਰਾਂ ਦੇ ਸੰਕੇਤ ਵੀ।

ਉਹ ਖੁਦ ਕਿਸੇ ਵਿਦਰੋਹੀ ਲਹਿਰ ਦਾ ਹਿੱਸਾ ਨਹੀਂ ਬਣਿਆ, ਪਰ ਪ੍ਰਬੰਧ ਨੂੰ ਚੁਣੌਤੀ ਦੇਣ ਦੇ ਸਾਹਿਤਕ ਫਰਜ਼ ਤੋਂ ਅਵੇਸਲਾ ਵੀ ਨਹੀਂ ਹੋਇਆ। ਉਸ ਦੀਆਂ ਲਿਖੀਆਂ ਇਹ ਸਤਰਾਂ ਸਤੇ ਮਨੁੱਖ ਦੀ ਐਨ ਸਟੀਕ ਤਰਜ਼ਮਾਨੀ ਲਈ ਵਾਰ ਵਾਰ ਦੁਹਰਾਈਆਂ ਗਈਆਂ।

*ਹੋ ਗਈ ਹੈ ਪੀਰ ਪਰਬਤ ਸੀ ਪਿਘਲਨੀ ਚਾਹੀਏ*
*ਇਸ ਹਿਮਾਲਯ ਸੇ ਕੋਈ ਗੰਗਾ ਨਿਕਲਨੀ ਚਾਹੀਏ*
*ਮੇਰੇ ਸੀਨੇ ਮੇਂ ਨਹੀਂ ਤੋ ਤੇਰੇ ਸੀਨੇ ਮੇਂ ਸਹੀ*
*ਹੋ ਕਹੀਂ ਭੀ ਆਗ, ਲੇਕਿਨ ਆਗ ਜਲਨੀ ਚਾਹੀਏ।*

ਉਸ ਨੇ ਰਾਜਸੀ ਵਿਰੋਧ ਨੂੰ ਸੱਤਾ ਲਈ ਨੂਰਾ ਕੁਸ਼ਤੀ ਕਹਿ ਕੇ ਹਾਲਾਤ 'ਤੇ ਤਨਜ਼ ਕੀਤਾ :

*ਸਿਰਫ ਹੰਗਾਮਾ ਖੜ੍ਹਾ ਕਰਨਾ ਮੇਰਾ ਮਕਸਦ ਨਹੀਂ*
*ਮੇਰੀ ਕੋਸ਼ਿਸ਼ ਹੈ ਕਿ ਯੇ ਸੂਰਤ ਬਦਲਨੀ ਚਾਹੀਏ।*

ਬਾਅਦ ਵਿੱਚ ਜੈ ਪ੍ਰਕਾਸ਼ ਅੰਦੋਲਨ ਦੌਰਾਨ ਨੌਜਵਾਨਾਂ ਨੇ ਇਸ ਸ਼ਿਅਰ ਨੂੰ ਆਪਣਾ ਵਿਚਾਰਧਾਰਕ ਐਲਾਨ ਬਣਾ ਲਿਆ ਸੀ। ਉਸ ਦੀ ਬੇਚੈਨੀ ਆਰਥਿਕ ਨਾਬਰਾਬਰੀ ਦੇ ਰੂਪ ਵਿੱਚ ਹੀ ਸਾਕਾਰ ਨਹੀਂ ਹੁੰਦੀ ਸਗੋਂ ਸਮਾਜਕ ਵਖਰੇਵੇਂ ਵੀ ਦੁਸ਼ਿਅੰਤ ਦੀ ਸ਼ਾਇਰੀ ਦਾ ਉਘਾ ਪੱਖ ਨਹੀਂ। ਉਰਦੂ ਵਾਲਿਆਂ ਨੇ ਵੀ ਦੁਸ਼ਿਅੰਤ ਨੂੰ ਬਰਾਬਰ ਦੀ ਮਾਨਤਾ ਦਿੱਤੀ। ਨਿਦਾ ਫਾਜ਼ਲੀ ਨੇ ਭਾਰਤੀ ਗਜ਼ਲ 'ਚ ਦੁਸ਼ਿਅੰਤ ਨੂੰ ਸ਼ਾਮਲ ਕੀਤਾ ਤੇ ਉਸ ਦੀ ਸ਼ਾਇਰੀ ਦੇ ਜ਼ਿਕਰ ਬਿਨਾਂ ਆਜ਼ਾਦੀ ਤੋਂ ਬਾਅਦ ਦੇ ਭਾਰਤ ਦੀ ਅਸਲ ਤਸਵੀਰ ਅਧੂਰੀ ਰਹਿ ਜਾਣ ਦਾ ਸ਼ੰਕਾ ਜ਼ਾਹਿਰ ਕੀਤਾ।

ਦੁਸ਼ਿਅੰਤ ਦੀ ਸ਼ਾਇਰੀ ਉਸ ਦੀ ਮੌਤ ਤੋਂ ਥੋੜ੍ਹਾ ਚਿਰ ਪਹਿਲਾਂ ਕਿਤਾਬ ਰੂਪ ਵਿੱਚ ਛਪੀ। 1975 ਵਿੱਚ ਐਮਰਜੈਂਸੀ ਦੇ ਫੁਰਮਾਨ ਦੇ ਨਾਲ ਦੁਸ਼ਿਅੰਤ ਦੀ ਸ਼ਾਇਰੀ 'ਸਾਏ ਮੇਂ ਧੂਪ' ਦੇ ਨਾਂਅ ਹੇਠ ਛਪ ਕੇ ਆਈ। ਉਸੇ ਸਾਲ ਦਸੰਬਰ 'ਚ ਉਹ 42 ਸਾਲ ਦੀ ਉਮਰ ਵਿੱਚ ਇਸ ਦੁਨੀਆ ਤੋਂ ਰੁਖ਼ਸਤ ਹੋਇਆ। ਉਸ ਨੇ ਇੱਕ ਨਾਵਲ ਲਿਖਿਆ, ਦੋ ਕਿਤਾਬਾਂ ਕਵਿਤਾਵਾਂ ਦੀਆਂ ਵੀ ਮਿਲਦੀਆਂ ਹਨ ਅਤੇ ਕੁਝ ਨਾਟਕ ਵੀ, ਪਰ 'ਸਾਏ ਮੇਂ ਧੂਪ' ਦੇ 64 ਪੰਨਿਆਂ 'ਤੇ ਫੈਲਿਆ 52 ਗਜ਼ਲਾਂ ਨੇ ਦੁਸ਼ਿਅੰਤ ਨੂੰ ਅਮਰ ਕਰ ਦਿੱਤਾ। ਇੱਕ ਅੰਦਾਜ਼ੇ ਮੁਤਾਬਕ ਇਸ ਕਿਤਾਬ ਦੇ ਹੁਣ ਤੱਕ ਨੱਬੇ ਦੇ ਲਗਭਗ ਐਡੀਸ਼ਨ ਛਪੇ ਹਨ ਤੇ ਹਿੰਦੀ ਵਿੱਚ ਹੀ ਨਹੀਂ, ਭਾਰਤ ਦੀਆਂ ਸਾਰੀਆਂ ਜ਼ੁਬਾਨਾਂ 'ਚ ਛਪੀਆਂ ਕਿਤਾਬਾਂ ਵਿੱਚ ਸਿਖਰ ਦਾ ਥਾਂ ਰੱਖਦੀ ਹੈ।

*ਯੇ ਜ਼ੁਬਾਂ ਹਮਸੇ ਸੀ ਨਹੀਂ ਜਾਤੀ,*
*ਜ਼ਿੰਦਗੀ ਹੈ ਕਿ ਜੀ ਨਹੀਂ ਜਾਤੀ।*
**
*ਦੇਖੀਏ ਉਸ ਤਰਫ ਉਜਾਲਾ ਹੈ,*
*ਜਿਸ ਤਰਫ ਰੌਸ਼ਨੀ ਨਹੀਂ ਜਾਤੀ।*

ਗੱਲ ਸਿਰਫ ਛਪਣ ਗਿਣਤੀ ਦੀ ਵੀ ਨਹੀਂ, ਯੂਨੀਵਰਸਿਟੀਆਂ ਤੋਂ ਲੈ ਕੇ ਪਾਨ ਦੀਆਂ ਦੁਕਾਨਾਂ ਤੇ ਸੰਸਦ ਤੱਕ, ਖੱਬੇ ਪੱਖੀ ਮੰਚਾਂ ਤੋਂ ਲੈ ਕੇ ਅਟਲ ਬਿਹਾਰੀ ਵਾਜਪਾਈ ਦੇ ਭਾਸ਼ਣ ਤੱਕ, ਲਖਨਊ ਤੋਂ ਲੈ ਕੇ ਕਲਕੱਤਾ ਤੇ ਹੈਦਰਾਬਾਦ ਤੱਕ ਦੇ ਰੰਗ ਮੰਚ ਤੋਂ ਹਿੰਦੀ ਦੇ ਵਪਾਰਕ ਸਿਨੇਮੇ ਤੱਕ ਦੁਸ਼ਿਅੰਤ ਦੇ ਹਵਾਲੇ ਦੇ ਕੇ ਹਜ਼ਾਰਾਂ ਵਾਰ ਲੋਕਾਂ ਨੇ ਆਪਣੀ ਗੱਲ ਆਖੀ ਹੈ। ਪਿਛਲੇ ਸਾਲਾਂ ਵਿੱਚ ਬਣੀਆਂ ਫਿਲਮਾਂ 'ਇਰਾਦਾ' ਤੇ 'ਮਸਾਨ' ਵਿੱਚ ਦੁਸ਼ਿਅੰਤ ਦੀਆਂ ਗਜ਼ਲਾਂ ਆਈਆਂ ਤੇ ਨੌਜਵਾਨਾਂ ਵਿੱਚ ਬੇਹੱਦ ਮਕਬੂਲ ਹੋਈਆਂ। ਵਿਸ਼ੇਸ਼ ਤੌਰ 'ਤੇ ਫਿਲਮ 'ਮਸਾਨ' ਵਿੱਚ 'ਤੂ ਕਿਸੇ ਰੇਲ ਸੀ ਗੁਜ਼ਰਤੀ ਹੈ' ਗਜ਼ਲ ਹਰ ਜਵਾਨ ਮੁੰਡੇ-ਕੁੜੀ ਨੇ ਸੁਣੀ। ਇੱਕ ਵਾਰ ਫੇਰ ਦੁਸ਼ਿਅੰਤ ਨੂੰ ਜਾਣੇ ਜਾਣ ਦਾ ਮਾਹੌਲ ਬਣਿਆ। ਮੌਤ ਤੋਂ ਏਨੇ ਸਾਲਾਂ ਬਾਅਦ ਉਸ ਦਾ ਮੁੜ ਮੁੜ ਪ੍ਰਸੰਗਿਕ ਹੋਣਾ ਉਸ ਦੀ ਸੰਵੇਦਨਾ ਦੀ ਗਹਿਰਾਈ ਦਾ ਸਬੂਤ ਤਾਂ ਹੈ, ਨਾਲ ਭਾਰਤੀ ਲੋਕ ਤੇ ਸੱਤਾਤੰਤਰ ਦੇ ਸੰਬੰਧਾਂ ਪ੍ਰਤੀ ਉਸ ਦੇ ਅਹਿਸਾਸ ਦੀ ਸ਼ਿੱਦਤ ਦਾ ਜ਼ਾਮਨ ਵੀ ਹੈ। 2009 ਵਿੱਚ ਭਾਰਤ ਸਰਕਾਰ ਨੇ ਦੁਸ਼ਿਅੰਤ ਦੇ ਨਾਂਅ 'ਤੇ ਡਾਕ ਟਿਕਟ ਜਾਰੀ ਕੀਤੀ ਸੀ। ਅੱਜ ਵੀ ਉਹ ਕਈ ਪੀੜ੍ਹੀਆਂ ਦੇ ਬੋਲਾਂ 'ਚ ਜਿਉਂਦਾ ਹੈ ਤੇ ਨੇੜਲੇ ਭਵਿੱਖ ਵਿੱਚ ਬੋਲਾਂ ਵਿੱਚ ਵਸਦੇ ਦੁਸ਼ਿਅੰਤ ਦੇ ਹੋਰ ਜਵਾਨ ਹੋਣ ਦੀ ਭਰਪੂਰ ਉਮੀਦ ਹੈ।

## ਹਲਕਾ ਫੁਲਕਾ



ਮੰਗਤਾ (ਵਿਅਕਤੀ ਨੂੰ), ''ਸਾਹਿਬ ਜੀ, ਪੰਜ ਰੁਪਏ ਦੇ ਦਿਓ, ਕੁਝ ਖਾ ਲਵਾਂਗਾ।''

ਵਿਅਕਤੀ, ''ਸ਼ਰਮ ਨਹੀਂ ਆਉਂਦੀ ਤੈਨੂੰ, ਸੜਕ 'ਤੇ ਖੜ੍ਹਾ ਹੋ ਕੇ ਭੀਖ ਮੰਗ ਰਿਹਾ ਏਂ।''

ਮੰਗਤੇ ਨੇ ਜਵਾਬ ਦਿੱਤਾ, ''...ਤਾਂ ਕੀ ਕਰਾਂ ਸਾਹਿਬ, ਭੀਖਣ ਮੰਗਣ ਲਈ ਦਫਤਰ ਖੋਲ੍ਹ ਲਵਾਂ?''

*********

ਚੰਪੂ (ਚਿੰਟੂ ਨੂੰ), ''ਜੇ ਤੇਰੇ ਕੋਲ ਇੱਕ ਕੋਰਾ ਕਾਗਜ਼ ਹੈ ਅਤੇ ਤੈਨੂੰ ਇੱਕ ਹੋਰ ਕੋਰੇ ਕਾਗਜ਼ ਦੀ ਲੋੜ ਪਵੇ ਤਾਂ ਤੂੰ ਕੀ ਕਰੇਂਗਾ?''

ਚਿੰਟੂ (ਹੱਸਦਾ ਹੋਇਆ), ''ਉਸ ਕੋਰੇ ਕਾਗਜ਼ ਦੀ ਫੋਟੋ ਕਾਪੀ ਕਰਵਾ ਲਵਾਂਗਾ।''

*********

ਇੱਕ ਮੁੰਡਾ ਆਪਣੀ ਗਰਲ ਫਰੈਂਡ ਨੂੰ ਲੈ ਕੇ ਘਰ ਆਇਆ। ਉਸ ਨੂੰ ਬਿਸਤਰੇ 'ਤੇ ਬਿਠਾਇਆ, ਸਾਰੇ ਦਰਵਾਜ਼ੇ-ਖਿੜਕੀਆਂ ਬੰਦ ਕਰ ਦਿੱਤੇ। ਅਖੀਰ ਵਿੱਚ ਉਸ ਨੇ ਕਮਰੇ ਦੀਆਂ ਸਾਰੀਆਂ ਬੱਤੀਆਂ ਵੀ ਬੰਦ ਕਰ ਦਿੱਤੀਆਂ। ਫਿਰ ਹੌਲੀ ਜਿਹੇ ਗਰਲ ਫਰੈਂਡ ਕੋਲ ਆਇਆ ਅਤੇ ਬੋਲਿਆ, ''ਡਾਰਲਿੰਗ, ਇਹ ਦੇਖ ਮੇਰੀ ਘੜੀ ਵਿੱਚ ਲਾਈਟ ਜਗਦੀ ਹੈ।''


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

## ਜਾਇਦਾਦ ਨੂੰ ਆਧਾਰ ਨਾਲ ਲਿੰਕ ਕਰਨ ਬਾਰੇ ਕੇਂਦਰ ਚਾਰ ਹਫਤੇ ਵਿੱਚ ਫੈਸਲਾ ਲਵੇ: ਹਾਈ ਕੋਰਟ




ਚੰਡੀਗੜ੍ਹ, 2 ਅਕਤੂਬਰ (ਪੋਸਟ ਬਿਊਰੋ)- ਦੇਸ਼ ਵਿੱਚ ਹਰ ਤਰ੍ਹਾਂ ਦੀ ਜਾਇਦਾਦ ਅਤੇ ਉਸ ਦੀ ਖਰੀਦ-ਫਰੋਖਤ ਵਾਲੇ ਕੰਮ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦੀ ਮੰਗ ਵਾਸਤੇ ਦਾਇਰ ਇੱਕ ਜਨਹਿਤ ਪਟੀਸ਼ਨ 'ਤੇ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਇਸ ਬਾਰੇ ਚਾਰ ਹਫਤੇ ਵਿੱਚ ਫੈਸਲਾ ਲੈਣ ਦੇ ਹੁਕਮ ਦੇ ਦਿੱਤੇ ਹਨ ਅਤੇ ਪੰਜਾਬ ਅਤੇ ਹਰਿਆਣਾ ਦੋਵਾਂ ਰਾਜਾਂ ਦੇ ਮੁੱਖ ਸਕੱਤਰਾਂ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਸਲਾਹਕਾਰ ਨੂੰ ਅਰਜ਼ੀ ਕਰਤਾ ਦੀ ਮੰਗ ਉੱਤੇ ਚਾਰ ਹਫਤੇ ਵਿੱਚ ਵਿਚਾਰ ਕਰ ਕੇ ਸਪੀਕਿੰਗ ਆਰਡਰ ਪਾਸ ਕਰਨ ਦੇ ਹੁਕਮ ਦਿੱਤੇ ਹਨ।

ਹਾਈ ਕੋਰਟ ਦੇ ਐਕਟਿੰਗ ਚੀਫ ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੀ ਬੈਂਚ ਨੇ ਇਹ ਹੁਕਮ ਮੋਹਾਲੀ ਦੇ ਨਿਖਿਲ ਸਰਾਫ ਵੱਲੋਂ ਜਾਇਦਾਦ ਨੂੰ ਆਧਾਰ ਨਾਲ ਲਿੰਕ ਕਰਨ ਦੀ ਮੰਗ ਬਾਰੇ ਇੱਕ ਜਨਹਿਤ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਦਿੱਤੇ ਹਨ। ਨਿਖਿਲ ਸਰਾਫ ਨੇ ਐਡਵੋਕੇਟ ਪਵਨ ਕੁਮਾਰ ਮੁਟਨੇਜਾ ਦੇ ਰਾਹੀਂ ਦਾਇਰ ਜਨਹਿਤ ਪਟੀਸ਼ਨ ਵਿੱਚ ਕਿਹਾ ਹੈ ਕਿ ਬੇਨਾਮੀ ਜਾਇਦਾਦ ਅਤੇ ਕਾਲੇ ਧਨ 'ਤੇ ਰੋਕ ਲਾਉਣ ਦਾ ਇਹ ਇੱਕ ਸਭ ਤੋਂ ਯੋਗ ਤਰੀਕਾ ਹੈ ਕਿ ਜਾਇਦਾਦ ਅਤੇ ਉਸ ਦੇ ਅੱਗੇ ਖਰੀਦ ਫਰੋਖਤ ਨੂੰ ਆਧਾਰ ਕਾਰਡ ਨਾਲ ਲਿੰਕ ਕਰਾਇਆ ਜਾਏ।

## ਢਾਬੇ ਤੋਂ 5 ਏ ਕੇ 47 ਰਾਈਫਲਾਂ, 10 ਮੈਗਜ਼ੀਨ, 220 ਕਾਰਤੂਸ ਤੇ ਇੱਕ ਪਿਸਤੌਲ ਬਰਾਮਦ

*** ਡਲਿਵਰੀ ਲੈਣ ਆਏ ਸਮੱਗਲਰਾਂ ਕੋਲੋਂ ਦੋ ਪਿਸਤੌਲ ਹੋਰ ਮਿਲੇ**

ਅੰਮ੍ਰਿਤਸਰ, 2 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਵੱਲੋਂ ਭਾਰਤੀ ਸਰਹੱਦ ਅੰਦਰ ਵੱਡੀ ਗਿਣਤੀ ਵਿੱਚ ਭੇਜੇ ਗਏ ਹਥਿਆਰਾਂ ਅਤੇ ਉਨ੍ਹਾਂ ਦੀ ਬਰਾਮਦਗੀ ਬਾਰੇ ਪੁਲਸ ਨੇ ਇੱਕ ਹਫਤੇ ਬਾਅਦ ਕੱਲ੍ਹ ਵੱਡਾ ਖੁਲਾਸਾ ਕੀਤਾ ਹੈ, ਜਿਸ ਤੋਂ ਹਰ ਕੋਈ ਹੈਰਾਨ ਰਹਿ ਗਿਆ ਹੈ।



ਜਾਣਕਾਰੀ ਦਿੰਦੇ ਹੋਏ ਪੁਲਸ ਤੇ ਫੌਜ ਅਧਿਕਾਰੀ।

ਏ ਆਈ ਜੀ ਸਨੇਹਦੀਪ ਸ਼ਰਮਾ, ਏ ਆਈ ਜੀ ਰਛਪਾਲ ਸਿੰਘ ਅਤੇ ਬੀ ਐੱਸ ਐੱਫ ਦੇ ਕਮਾਂਡੈਂਟ ਅਮਨਦੀਪ ਨੇ ਦੱਸਿਆ ਕਿ ਬੀਤੀ 24 ਸਤੰਬਰ ਨੂੰ ਇੱਕ ਸੂਚਨਾ ਉੱਤੇ ਫਿਰੋਜ਼ਪੁਰ ਸੈਕਟਰ ਵਿੱਚ ਸਪੈਸ਼ਲ ਟਾਸਕ ਫੋਰਸ ਅਤੇ ਬੀ ਐੱਸ ਐੱਫ ਵੱਲੋਂ ਕੀਤੀ ਸਾਂਝੀ ਕਾਰਵਾਈ ਦੌਰਾਨ ਬੀ ਓ ਪੀ ਮਮਦੋਟ ਖੇਤਰ ਵਿੱਚ ਕੰਡਿਆਲੀ ਵਾੜ ਦੇ ਪਾਰਲੇ ਇਲਾਕੇ ਵਿੱਚੋਂ ਪੰਜ ਏ ਕੇ 47 ਰਾਈਫਲਾਂ, 10 ਮੈਗਜ਼ੀਨ, 220 ਕਾਰਤੂਸ, ਇੱਕ ਵਿਦੇਸ਼ੀ ਪਿਸਤੌਲ ਅਤੇ ਇੱਕ ਪਾਕਿਸਤਾਨੀ ਅਖਬਾਰ ਬਰਾਮਦ ਕੀਤੀ ਗਈ ਸੀ। ਹਥਿਆਰਾਂ ਦਾ ਇਹ ਸਟਾਕ ਭਾਰਤੀ ਪੰਜਾਬ ਵਿੱਚ ਡਲਿਵਰ ਕੀਤਾ ਜਾਣਾ ਸੀ। ਇਸ ਦੇ ਬਾਰੇ ਏ ਆਈ ਜੀ ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਟੈਕਨੀਕਲ ਇਨਪੁਟ ਉੱਤੇ ਹਥਿਆਰਾਂ ਦੀ ਬਰਾਮਦਗੀ ਪਿੱਛੋਂ ਉਨ੍ਹਾਂ ਦੀ ਡੀਲ ਕਰਨ ਵਾਲਿਆਂ ਦਾ ਸੁਰਾਗ ਲੱਭਿਆ ਤਾਂ ਨੈਸ਼ਨਲ ਹਾਈਵੇ 'ਤੇ ਹੋਣ ਵਾਲੇ ਇੱਕ ਸੌਦੇ ਦਾ ਪਤਾ ਲੱਗਾ। ਉਸ ਮਗਰੋਂ ਐੱਸ ਟੀ ਐੱਫ ਨੂੰ ਇਹ ਸੂਹ ਮਿਲੀ ਕਿ ਜੰਡਿਆਲਾ ਗੁਰੂ ਨੇੜੇ ਅੰਮ੍ਰਿਤਸਰ-ਜਲੰਧਰ ਮੁੱਖ ਸੜਕ ਉਤੇ ਗੁਰਦਾਸਪੁਰੀਆਂ ਦੇ ਢਾਬੇ ਉੱਤੇ ਸਮੱਗਲਰ ਉਪਰੋਕਤ ਹਥਿਆਰਾਂ ਦੀ ਡੀਲ ਕਰਨ ਲਈ ਆ ਰਹੇ ਹਨ। ਐੱਸ ਟੀ ਐੱਫ ਟੀਮ ਨੇ ਸੋਮਵਾਰ ਰਾਤ ਢਾਬੇ ਦੇ ਆਸਪਾਸ ਦਾ ਖੇਤਰ ਘੇਰ ਲਿਆ। ਢਾਬੇ 'ਤੇ ਸਪੈਸ਼ਲ ਟਾਸਕ ਫੋਰਸ ਅਤੇ ਸਮੱਗਲਰਾਂ ਵਿਚਾਲੇ ਮੁਕਾਬਲੇ ਪਿੱਛੋਂ ਤਿੰਨ ਸਮੱਗਲਰਾਂ ਨੂੰ ਸੁਖਰਾਜ ਸਿੰਘ ਸੁੱਖਾ ਵਾਸੀ ਲੱਖਣਪਾਲ (ਗੁਰਦਾਸਪੁਰ), ਭੁਪਿੰਦਰ ਸਿੰਘ ਭਿੰਦਾ ਵਾਸੀ ਝੰਡੇ ਅਤੇ ਰਾਜਪਾਲ ਸਿੰਘ ਵਾਸੀ ਰਸੂਲਪੁਰ ਕਲਾਂ (ਜੰਡਿਆਲਾ ਗੁਰੂ) ਗ੍ਰਿਫਤਾਰ ਕੀਤਾ ਗਿਆ, ਪਰ ਤਿੰਨ ਸਮੱਗਲਰ ਪੁਲਸ ਨੂੰ ਝਕਾਨੀ ਦੇ ਕੇ ਫਰਾਰ ਹੋ ਗਏ। ਗ੍ਰਿਫਤਾਰ ਸਮੱਗਲਰਾਂ ਦੇ ਕਬਜ਼ੇ ਵਿੱਚੋਂ 9 ਐੱਮ ਐੱਮ ਦੇ ਦੋ ਪਿਸਤੌਲ ਅਤੇ 64 ਜ਼ਿੰਦਾ ਕਾਰਤੂਸ ਫੜੇ ਗਏ। ਤਿੰਨਾਂ ਗ੍ਰਿਫਤਾਰ ਸਮੱਗਲਰਾਂ ਦਾ ਅੱਠ ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਹੈ। ਸਾਰੇ ਆਪਰੇਸ਼ਨ ਦੀ ਕਾਰਵਾਈ ਐੱਸ ਟੀ ਐੱਫ ਪੰਜਾਬ ਦੇ ਮੁਖੀ ਡੀ ਜੀ ਪੀ ਹਰਪ੍ਰੀਤ ਸਿੰਘ ਸਿੱਧੂ ਨੇ ਕੀਤੀ।

## ਭਾਜਪਾ ਆਗੂ ਵੱਲੋਂ ਹਵਾ 'ਚ ਪਿਸਤੌਲ ਲਹਿਰਾਉਣ ਨਾਲ ਸਨਸਨੀ

ਜਲੰਧਰ, 2 ਅਕਤੂਬਰ (ਪੋਸਟ ਬਿਊਰੋ)- ਆਦਰਸ਼ ਨਗਰ ਦੀ ਦੁਸਹਿਰਾ ਗਰਾਉਂਡ 'ਚ ਹੋਰਡਿੰਗ ਲਾਉਣ ਦੇ ਝਗੜੇ 'ਚ ਭਾਜਪਾ ਆਗੂ ਨੇ ਪਿਸਤੌਲ ਕੱਢ ਕੇ ਲੋਕਾਂ ਨੂੰ ਡਰਾ-ਧਮਕਾ ਕੇ ਖੌਫ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਮਿਲ ਸਕੀ ਜਾਣਕਾਰੀ ਅਨੁਸਾਰ ਦੁਸਹਿਰਾ ਕਮੇਟੀ ਆਦਰਸ਼ ਨਗਰ ਵੱਲੋਂ ਕੱਲ੍ਹ ਸ਼ਾਮ ਨੂੰ ਉਸ ਦੁਸਹਿਰਾ ਗਰਾਉਂਡ 'ਚ ਧਾਰਮਿਕ ਹੋਰਡਿੰਗਜ਼ ਲਾਏ ਜਾ ਰਹੇ ਸਨ। ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਇਹ ਆਗੂ ਗਰਾਉਂਡ ਵਿੱਚ ਆ ਕੇ ਗਾਲੀ-ਗਲੋਚ ਕਰਨ ਲੱਗਾ ਅਤੇ ਹੋਰਡਿੰਗਜ਼ ਲਾ ਰਹੇ ਨੌਜਵਾਨਾਂ ਵਿੱਚੋਂ ਇੱਕ ਨਾਲ ਉਸ ਨੇ ਹੱਥੋਪਾਈ ਕਰਨੀ ਸ਼ੁਰੂ ਕਰ ਦਿੱਤੀ। ਫਿਰ ਉਹ ਆਗੂ ਚਲਾ ਗਿਆ ਤੇ ਕੁਝ ਦੇਰ ਬਾਅਦ ਆਪਣੇ ਸਾਥੀਆਂ ਨਾਲ ਆ ਗਿਆ। ਇਸ ਤੋਂ ਬਾਅਦ ਉਸ ਨੇ ਪਹਿਲਾਂ ਗਾਲੀ-ਗਲੋਚ ਕੀਤਾ ਅਤੇ ਫਿਰ ਸਾਥੀਆਂ ਨਾਲ ਮਿਲ ਕੇ ਇੱਕ ਨੌਜਵਾਨ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ। ਉਕਤ ਆਗੂ ਨੇ ਅਚਾਨਕ ਪਿਸਤੌਲ ਕੱਢ ਲਿਆ ਅਤੇ ਹਵਾ ਵਿੱਚ ਪਿਸਤੌਲ ਲਹਿਰਾਉਂਦਿਆਂ ਲੋਕਾਂ ਨੂੰ ਧਮਕਾਉਣ ਲੱਗਾ। ਉਸ ਨੂੰ ਹਵਾ ਵਿੱਚ ਪਿਸਤੌਲ ਲਹਿਰਾਉਂਦਿਆਂ ਦੇਖ ਕੇ ਓਥੇ ਮੌਜੂਦ ਦੁਸਹਿਰਾ ਕਮੇਟੀ ਵੱਲੋਂ ਹੋਰਡਿੰਗਜ਼ ਲਗਾਉਣ ਆਏ ਨੌਜਵਾਨ ਮੌਕੇ ਤੋਂ ਭੱਜ ਗਏ। ਇਸ ਘਟਨਾ ਦੇ ਸਬੰਧ 'ਚ ਪਾਰਸ ਰਾਮ ਨੌਜਵਾਨ ਨੇ ਥਾਣਾ 'ਚ ਸ਼ਿਕਾਇਤ ਦਿੱਤੀ ਹੈ।

ਥਾਣਾ ਦੋ ਦੇ ਐਸ ਐਚ ਓ ਰਾਜੇਸ਼ ਕੁਮਾਰ ਨੇ ਦੱਸਿਆ ਕਿ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਮੌਕੇ ਦਾ ਜਾਇਜ਼ਾ ਲਿਆ ਸੀ, ਪਰ ਉਥੇ ਕੋਈ ਆਗੂ ਨਾਲ ਸਬੰਧ ਰੱਖਣ ਵਾਲਾ ਕੋਈ ਬੰਦਾ ਨਹੀਂ ਮਿਲਿਆ। ਘਟਨਾ ਸਥਾਨ ਦੇ ਨੇੜੇ ਸੀ ਸੀ ਟੀ ਵੀ ਕੈਮਰੇ ਲੱਗੇ ਹਨ, ਆਸ ਹੈ ਕਿ ਉਸ ਵਿੱਚ ਘਟਨਾ ਰਿਕਾਰਡ ਹੋ ਗਈ ਹੋਵੇਗੀ ਜਿਸ ਦੀ ਫੁਟੇਜ ਦੇਖਣ ਤੋਂ ਬਾਅਦ ਪੁਲਸ ਅਗਲੇਰੀ ਕਾਰਵਾਈ ਕਰੇਗੀ।

## ਨਾਸਤਿਕਾਂ ਨੂੰ ਸਰਕਾਰ ਕੋਲੋਂ ਸਰਟੀਫਿਕੇਟ ਲੈਣ ਦੀ ਕੀ ਲੋੜ ਪਈ ਹੈ: ਹਾਈ ਕੋਰਟ

ਚੰਡੀਗੜ੍ਹ, 2 ਅਕਤੂਬਰ (ਪੋਸਟ ਬਿਊਰੋ)- ਨੋ ਕਾਸਟ, ਨੋ ਰਿਲੀਜ਼ਨ, ਨੋ ਗਾਡ ਵਾਲਾ ਸਰਟੀਫਿਕੇਟ ਦਿੱਤੇ ਜਾਣ ਦੀ ਮੰਗ ਬਾਰੇ ਇੱਕ ਪਟੀਸ਼ਨ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਹਾਈ ਕੋਰਟ ਨੇ ਪਟੀਸ਼ਨਰ ਨੂੰ ਸਵਾਲ ਕੀਤਾ ਕਿ ਜੇ ਉਹ ਨਾਸਤਿਕ ਹਨ ਤਾਂ ਸਰਕਾਰ ਤੋਂ ਸਰਟੀਫਿਕੇਟ ਲੈਣ ਦੀ ਕੀ ਲੋੜ ਹੈ? ਭਗਵਾਨ ਜਾਤ ਤੇ ਧਰਮ ਨੂੰ ਮੰਨਣਾ ਜਾਂ ਨਾ ਮੰਨਣਾ ਕਿਸੇ ਵੀ ਵਿਅਕਤੀ ਦਾ ਨਿੱਜੀ ਮਾਮਲਾ ਹੈ, ਇਸ ਲਈ ਕਿਸੇ ਦੇ ਸਰਟੀਫਿਕੇਟ ਦੀ ਲੋੜ ਨਹੀਂ।

ਟੋਹਾਣਾ ਦੇ ਰਵੀ ਕੁਮਾਰ ਨਾਸਤਿਕ ਨੇ ਹਰਿਆਣਾ ਦੇ ਉਸ ਹੁਕਮ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿਸ ਵਿੱਚ ਤਹਿਸੀਦਾਰ ਵੱਲੋਂ ਜਾਰੀ ਨੋ ਕਾਸਟ, ਨੋ ਰਿਲੀਜ਼ਨ, ਨੋ ਗਾਡ ਸਰਟੀਫਿਕੇਟ ਨੂੰ ਰੱਦ ਕਰਨ ਦਾ ਹੁਕਮ ਦਿੱਤਾ ਗਿਆ ਸੀ। ਪਟੀਸ਼ਨਰ ਨੇ ਇਸ ਪਟੀਸ਼ਨ 'ਚ ਕਿਹਾ ਕਿ ਉਹ ਜਾਤ ਤੋਂ ਸੱਖਣੇ ਸਮਾਜ 'ਚ ਭਰੋਸਾ ਰੱਖਦਾ ਹੈ ਤੇ ਅਨੁਸੂਚਿਤ ਜਾਤੀ ਤੋਂ ਹੈ, ਪਰ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਨੂੰ ਮਿਲਣ ਵਾਲੇ ਲਾਭ ਤੇ ਰਾਖਵੇਂਕਰਨ ਦਾ ਲਾਭ ਨਹੀਂ ਲੈਣਾ ਚਾਹੁੰਦੇ। ਰਵੀ ਕੁਮਾਰ ਮੁਤਾਬਕ ਸਾਰੇ ਲੋਕ ਇੱਕ ਸਮਾਨ ਹਨ ਤੇ ਜਾਤੀ ਵਿਸ਼ੇਸ਼ ਨੂੰ ਲਾਭ ਕਿਉਂ ਦਿੱਤਾ ਜਾ ਰਿਹਾ ਹੈ। ਮੈਂ ਜਾਤੀ ਤੇ ਧਰਮ ਤੋਂ ਮੁਕਤ ਸਮਾਜ ਦਾ ਹਾਮੀ ਹਾਂ। ਇਸ ਲਈ ਮੈਂ ਲੰਬੀ ਲੜਾਈ ਤੋਂ ਬਾਅਦ ਤਹਿਸੀਲਦਾਰ ਤੋਂ ਨੋ ਕਾਸਟ, ਨੋ ਰਿਲੀਜ਼ਨ. ਨੋ ਗਾਡ ਸਰਟੀਫਿਕੇਟ ਜਾਰੀ ਕਰਵਾਇਆ ਸੀ। ਤਹਿਸੀਲਦਾਰ ਟੋਹਾਣਾ ਨੇ 24 ਅਪ੍ਰੈਲ 2019 ਨੂੰ ਸਰਕਾਰ ਨੇ ਇਹ ਸਰਟੀਫਿਕੇਟ ਰੱਦ ਕਰ ਦਿੱਤਾ ਸੀ।

## ਚੀਫ ਖਾਲਸਾ ਦੀਵਾਨ ਦੇ ਮੌਜੂਦਾ ਅਤੇ ਸਾਬਕਾ ਪ੍ਰਧਾਨ ਦਾ ਰੇੜਕਾ ਹੋਰ ਵਧਿਆ

ਅੰਮ੍ਰਿਤਸਰ, 2 ਅਕਤੂਬਰ (ਪੋਸਟ ਬਿਊਰੋ)- ਚੀਫ ਖਾਲਸਾ ਦੀਵਾਨ ਦੇ ਮੌਜੂਦਾ ਤੇ ਸਾਬਕਾ ਪ੍ਰਧਾਨ ਵਿਚਾਲੇ ਵਿਵਾਦ ਵੱਧ ਜਾਣ ਕਾਰਨ ਕੱਲ ਸੰਸਥਾ ਦੀ ਕਾਰਜ ਸਾਧਕ ਕਮੇਟੀ ਦੀ ਮੀਟਿੰਗ ਵਿੱਚ ਦੋ ਕਮੇਟੀਆਂ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਪਿਛਲੇ ਪ੍ਰਬੰਧ ਵੇਲੇ ਕਿਤਾਬਾਂ ਦੀ ਖਰੀਦੋ ਫਰੋਖਤ ਦੀ ਜਾਂਚ ਕੀਤੀ ਜਾ ਸਕੇ।

ਇਸ ਸਿੱਖ ਸੰਸਥਾ ਦੇ ਆਨਰੇਰੀ ਸਕੱਤਰ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਨੇ ਦੱਸਿਆ ਕਿ ਕੱਲ੍ਹ ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਦੋ ਵੱਖ-ਵੱਖ ਪੰਜ ਮੈਂਬਰੀ ਕਮੇਟੀਆਂ ਬਣਾਉਣ ਦਾ ਫੈਸਲਾ ਹੋਇਆ ਹੈ। ਉਨ੍ਹਾਂ ਆਖਿਆ ਕਿ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਵੱਲੋਂ ਮੌਜੂਦਾ ਪ੍ਰਧਾਨ ਨਿਰਮਲ ਸਿੰਘ ਖਿਲਾਫ ਅਦਾਲਤ ਵਿੱਚ ਦਾਇਰ ਕੀਤੇ ਮਾਣਹਾਨੀ ਕੇਸ ਬਾਰੇ ਕਮੇਟੀ ਦਾ ਗਠਨ ਕੀਤਾ ਗਿਆ ਹੈ। ਚੱਢਾ ਨੇ ਇਹ ਦੋਵੇਂ ਕੇਸ ਨਿਰਮਲ ਸਿੰਘ ਖਿਲਾਫ ਨਿੱਜੀ ਤੌਰ 'ਤੇ ਨਹੀਂ, ਸਗੋਂ ਸੰਸਥਾ ਦੇ ਪ੍ਰਧਾਨ ਵਜੋਂ ਕੀਤੇ ਹਨ। ਇਸ ਲਈ ਪੰਜ ਮੈਂਬਰੀ ਕਮੇਟੀ ਕਾਨੂੰਨੀ ਮਾਹਿਰਾਂ



ਦੀ ਮਦਦ ਨਾਲ ਕੇਸ ਬਾਰੇ ਘੋਖ ਕਰੇਗੀ ਅਤੇ ਇਸ ਬਾਰੇ ਰਿਪੋਰਟ ਸੰਸਥਾ ਨੂੰ ਸੌਂਪੇਗੀ। ਇਸ ਤੋਂ ਇਲਾਵਾ ਚਾਰਟਰਡ ਅਕਾਊਂਟੈਂਟ ਤੇ ਵਿੱਤੀ ਮਾਹਿਰਾਂ ਦੀ ਇੱਕ ਹੋਰ ਕਮੇਟੀ ਬਣਾਈ ਜਾਵੇਗੀ, ਜੋ ਪਿਛਲੇ ਕਾਰਜਕਾਲ ਵੇਲੇ ਕਿਤਾਬਾਂ ਦੀ ਖਰੀਦੋ ਫਰੋਖਤ ਵਿੱਚ ਘਪਲੇ ਦੇ ਦੋਸ਼ਾਂ ਦੀ ਪੜਤਾਲ ਕਰੇਗੀ। ਪ੍ਰਧਾਨ ਨਿਰਮਲ ਸਿੰਘ ਨੇ ਆਖਿਆ ਕਿ ਅੱਜ ਮੀਟਿੰਗ ਵਿੱਚ ਉਨ੍ਹਾਂ ਨੇ ਸਾਬਕਾ ਪ੍ਰਧਾਨ ਵੱਲੋਂ ਦਾਇਰ ਕੀਤੇ ਦੋ ਵੱਖ-ਵੱਖ ਕੇਸ ਮੈਂਬਰਾਂ ਸਾਹਮਣੇ ਰੱਖੇ ਜਿਸ ਪਿੱਛੋਂ ਫੈਸਲਾ ਹੋਇਆ ਕਿ ਕੇਸ ਦੀਵਾਨ ਵੱਲੋਂ ਲੜੇ ਜਾਣਗੇ।

ਵਰਨਣ ਯੋਗ ਹੈ ਕਿ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਸਾਬਕਾ ਪ੍ਰਧਾਨ 'ਤੇ ਉਨ੍ਹਾਂ ਵੇਲੇ ਵਿਦਿਅਕ ਅਦਾਰਿਆਂ ਵਿੱਚ ਕਿਤਾਬਾਂ ਦੀ ਖਰੀਦ ਵਿੱਚ ਘਪਲੇ ਦਾ ਦੋਸ਼ ਲਾਇਆ ਸੀ। ਉਨ੍ਹਾਂ ਲਗੱਭਗ 60 ਕਰੋੜ ਰੁਪਏ ਦਾ ਘਪਲਾ ਹੋਣ ਦੇ ਦੋਸ਼ ਲਾਉਂਦਿਆਂ ਅਕਾਲ ਤਖਤ ਦੇ ਜਥੇਦਾਰ ਤੋਂ ਇਸ ਦੀ ਜਾਂਚ ਦੀ ਮੰਗ ਕੀਤੀ ਸੀ। ਦੂਜੇ ਪਾਸੇ ਸਾਬਕਾ ਪ੍ਰਧਾਨ ਨੇ ਦੋਸ਼ਾਂ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਅਤੇ ਨਿਰਮਲ ਸਿੰਘ ਖਿਲਾਫ ਸਿਵਲ ਅਤੇ ਫੌਜਦਾਰੀ ਦੋ ਵੱਖ-ਵੱਖ ਕੇਸ ਕੀਤੇ ਹਨ। ਇਨ੍ਹਾਂ ਵਿੱਚ ਦਸ ਕਰੋੜ ਰੁਪਏ ਦਾ ਮਾਣਹਾਨੀ ਕੇਸ ਵੀ ਹੈ। ਸਾਬਕਾ ਪ੍ਰਧਾਨ ਚੱਢਾ ਨੇ ਪ੍ਰਧਾਨ ਨਿਰਮਲ ਸਿੰਘ ਨੂੰ ਦੋਸ਼ਾਂ ਬਾਰੇ ਬਹਿਸ ਕਰਨ ਦੀ ਚੁਣੌਤੀ ਨੂੰ ਰੱਦ ਕਰਦਿਆਂ ਆਖਿਆ ਕਿ ਉਹ ਇਸ ਬਾਰੇ ਅਦਾਲਤ ਵਿੱਚ ਗੱਲ ਕਰਨਗੇ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k Deposit Structure | $10,000 Submitted with offer |
| | $10,000 Submitted 90 days after Offer Date |
| | $20,000 Submitted 150 days after Offer Date |

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100
Ext. 348



## ਲੈਂਡਰ ਨਾਲ ਮੁੜ ਸੰਪਰਕ ਦੀ ਕੋਸ਼ਿਸ਼ ਕਰੇਗਾ ਇਸਰੋ

ਬੈਂਗਲੁਰੂ, 2 ਅਕਤੂਬਰ (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਚੰਦਰਮਾ ਦੀ ਸਤ੍ਹਾ ਉਤੇ ਪਏ ਲੈਂਡਰ ਵਿਕਰਮ ਨਾਲ ਮੁੜ ਸੰਪਰਕ ਸਥਾਪਿਤ ਕਰਨ ਦੀਆਂ ਆਸਾਂ ਨਹੀਂ ਛੱਡੀਆਂ। ਚੰਦਰਮਾਂ 'ਤੇ ਅਜੇ ਰਾਤ ਹੈ ਤੇ ਇਸਰੋ ਨੂੰ ਉਥੇ ਦਿਨ ਨਿਕਲਣ ਦੀ ਉਡੀਕ ਹੈ, ਜਿਸ ਪਿੱਛੋਂ ਅਗਲੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਸੰਬੰਧ ਵਿੱਚ ਇਸਰੋ ਦੇ ਮੁਖੀ ਨੇ ਕਿਹਾ ਕਿ ਦਿਨ ਨਿਕਲਣ ਪਿੱਛੋਂ ਲੈਂਡਰ ਨਾਲ ਫਿਰ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਪਿਛਲੇ ਮਹੀਨੇ ਸੱਤ ਤਰੀਕ ਨੂੰ ਚੰਦਰਮਾਂ 'ਤੇ ਸਾਫਟ ਲੈਂਡਿੰਗ ਵੇਲੇ ਲੈਂਡਰ ਵਿਕਰਮ ਦਾ ਧਰਤੀ ਵਾਲੇ ਸਟੇਸ਼ਨ ਨਾਲੋਂ ਸੰਪਰਕ ਟੁੱਟ ਗਿਆ ਸੀ। ਲੈਂਡਰ ਦੀ ਚੰਦਰਮਾ 'ਤੇ ਹਾਰਡ ਲੈਂਡਿੰਗ ਹੋਈ ਸੀ। ਚੰਦਰਮਾ ਦੀ ਸਤ੍ਹਾ 'ਤੇ ਉਹ ਟੇਢਾ ਪਿਆ ਸੀ, ਜਿਸ ਕਾਰਨ ਉਸ ਨੂੰ ਸਿਗਨਲ ਨਹੀਂ ਮਿਲ ਰਿਹਾ ਸੀ। ਵਿਕਰਮ ਨੇ ਚੰਦਰਮਾ ਉਤੇ ਇੱਕ ਦਿਨ ਹੀ ਕੰਮ ਕਰਨਾ ਸੀ। ਚੰਦ ਦਾ ਇੱਕ ਦਿਨ ਧਰਤੀ ਦੇ 14 ਦਿਨਾਂ ਦੇ ਬਰਾਬਰ ਹੁੰਦਾ ਹੈ। ਵਿਕਰਮ ਉਤੇ ਲੱਗੇ ਸੋਲਰ ਪੈਨਲ ਨੂੰ ਸੂਰਜ ਦੀ ਰੋਸ਼ਨੀ ਤੋਂ ਊਰਜਾ ਮਿਲਣੀ ਸੀ, ਪਰ ਉਥੇ ਰਾਤ ਹੋਣ ਕਾਰਨ ਉਸ ਦੀ ਬੈਟਰੀ ਡਿਸਚਾਰਜ ਹੋ ਗਈ ਹੈ। 10 ਦਿਨ ਪਹਿਲਾਂ ਇਸਰੋ ਨੇ ਲੈਂਡਰ ਨਾਲ ਸੰਪਰਕ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਰੋਕ ਦਿੱਤੀਆਂ ਸਨ।

ਇਸਰੋ ਦੇ ਮੁਖੀ ਕੇ ਸਿਵਨ ਨੇ ਏਥੇ ਕਿਹਾ ਕਿ ਚੰਦਰਮਾ 'ਤੇ ਅਜੇ ਰਾਤ ਹੈ। ਰਾਤ ਲੰਘਣ ਪਿੱਛੋਂ ਅਸੀਂ ਵਿਕਰਮ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਫਿਰ ਸ਼ੁਰੂ ਕਰ ਸਕਦੇ ਹਾਂ। ਰਾਤ ਕਾਰਨ ਵਿਕਰਮ ਨੂੰ ਊਰਜਾ ਨਹੀਂ ਮਿਲ ਰਹੀ ਤੇ ਉਸ ਦੀ ਬੈਟਰੀ ਖਤਮ ਹੋ ਗਈ ਹੋਵੇਗੀ।

ਭਾਰਤ ਦਾ ਚੰਦਰਯਾਨ-2 ਮਿਸ਼ਨ ਬਹੁਤ ਗੁੰਝਲਦਾਰ ਸੀ। ਇਸ ਦੇ ਤਿੰਨ ਹਿੱਸੇ ਸਨ। ਪਹਿਲਾ ਹਿੱਸਾ ਆਰਬਿਟਰ ਠੀਕ ਤਰ੍ਹਾਂ ਕੰਮ ਕਰ ਰਿਹਾ ਹੈ। ਉਹ ਚੰਦਰਮਾ ਦੇ ਪੰਧ 'ਚ ਚੱਕਰ ਲਾ ਰਿਹਾ ਹੈ ਤੇ ਆਸ ਹੈ ਕਿ ਸਾਢੇ ਸੱਤ ਸਾਲ ਤੱਕ ਉਹ ਅਹਿਮ ਜਾਣਕਾਰੀਆਂ ਦਿੰਦਾ ਰਹੇਗਾ। ਵਿਕਰਮ ਦੇ ਅੰਦਰ ਲੁਕੇ ਰੋਵਰ ਪ੍ਰਗਿਆਨ ਨੇ ਇੱਕ ਚੰਦਰ ਦਿਵਸ ਕੰਮ ਕਰਨਾ ਸੀ, ਜਿਹੜਾ ਲੰਘ ਚੁੱਕਿਆ ਹੈ। ਇਸਰੋ ਦੇ ਇੱਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖ ਕੇ ਕਿਹਾ ਕਿ ਇੰਨੇ ਦਿਨਾਂ ਬਾਅਦ ਲੈਂਡਰ ਨਾਲ ਮੁੜ ਸੰਪਰਕ ਕਰਨਾ ਬਹੁਤ ਮੁਸ਼ਕਲ ਹੈ, ਪਰ ਯਤਨ ਕਰਨ 'ਚ ਹਰਜ਼ ਕੀ ਹੈ। ਇਹ ਪੁੱਛੇ ਜਾਣ 'ਤੇ ਕਿ ਰਾਤ ਵੇਲੇਂ ਚੰਦਰਮਾ 'ਤੇ ਪੈਣ ਵਾਲੀ ਵਾਧੂ ਠੰਢ ਨਾਲ ਵਿਕਰਮ 'ਤੇ ਕੋਈ ਅਸਰ ਨਹੀਂ ਪਵੇਗਾ, ਅਧਿਕਾਰੀ ਨੇ ਕਿਹਾ ਕਿ ਸਿਰਫ ਠੰਢ ਨਹੀਂ, ਲੈਂਡਰ ਚੰਦਰਮਾ ਦੀ ਸਤ੍ਹਾ 'ਤੇ ਬਹੁਤ ਤੇਜ਼ੀ ਨਾਲ ਟਕਰਾਇਆ ਸੀ, ਉਸ ਦਾ ਵੀ ਉਸ ਨੂੰ ਨੁਕਸਾਨ ਪੁੱਜਿਆ ਹੋਵੇਗਾ। ਉਸਦੇ ਅੰਦਰ ਦੇ ਕਈ ਹਿੱਸੇ ਨੁਕਸਾਨੇ ਗਏ ਹੋਣਗੇ। ਅਧਿਕਾਰੀ ਨੇ ਦੱਸਿਆ ਕਿ ਇਸਰੋ ਦੇ ਮਾਹਰਾਂ ਦੀ ਕਮੇਟੀ ਲੈਂਡਰ ਦੇ ਹਾਰਡ ਲੈਂਡਿੰਗ ਤੇ ਸੰਪਰਕ ਟੁੱਟਣ ਦੇ ਕਾਰਨਾਂ ਦਾ ਪਤਾ ਲਾ ਰਹੀ ਹੈ। ਆਸ ਹੈ ਕਿ ਇੱਕ ਮਹੀਨੇ ਅੰਦਰ ਕਮੇਟੀ ਆਪਣੀ ਰਿਪੋਰਟ ਦੇ ਦੇਵੇਗੀ, ਉਸ ਤੋਂ ਬਾਅਦ ਅਗਲੀ ਯੋਜਨਾ 'ਤੇ ਕੰਨ ਕੀਤਾ ਜਾਵੇਗਾ। ਜੇਕਰ ਇਸਰੋ ਵਿਕਰਮ ਨਾਲ ਸੰਪਰਕ ਸਾਧ ਲੈਂਦਾ ਹੈ ਤਾਂ ਪੁਲਾੜ ਖੋਜ ਖੇਤਰ 'ਚ ਭਾਰਤ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਹੋਵੇਗੀ।

### ਅਮਿਤ ਸ਼ਾਹ ਨੇ ਕਿਹਾ:

## ਹਿੰਦੂ, ਸਿੱਖ, ਜੈਨ ਤੇ ਬੋਧੀ ਸ਼ਰਨਾਰਥੀਆਂ ਨੂੰ ਜਾਣ ਨਹੀਂ ਦੇਵਾਂਗੇ, ਘੁਸਪੈਠੀਆਂ ਨੂੰ ਰਹਿਣ ਨਹੀਂ ਦੇਵਾਂਗੇ

ਕੋਲਕਾਤਾ, 2 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੱਲ੍ਹ ਕਿਹਾ ਕਿ ਕੇਂਦਰ ਸਰਕਾਰ ਨੇ ਨਾਗਰਿਕਾਂ ਦੀ ਕੌਮੀ ਰਜਿਸਟਰੇਸ਼ਨ (ਐੱਨ ਆਰ ਸੀ) ਦਾ ਵਿਸਥਾਰ ਪੱਛਮੀ ਬੰਗਾਲ ਤੱਕ ਕਰਨ ਦਾ ਫੈਸਲਾ ਕਰ ਲਿਆ ਹੈ, ਜਿਸ ਦੇ ਦੌਰਾਨ ਸਾਰੇ ਹਿੰਦੂ, ਸਿੱਖ, ਜੈਨ ਅਤੇ ਬੋਧ ਸ਼ਰਨਾਰਥੀਆਂ ਨੂੰ ਭਾਰਤੀ ਨਾਗਰਿਕਤਾ ਦੇਣ ਲਈ ਨਾਗਰਿਕਤਾ (ਸੋਧ) ਬਿੱਲ ਪਾਸ ਕੀਤਾ ਜਾਵੇਗਾ, ਪਰ ਘੁਸਪੈਠੀਆਂ ਨੂੰ ਛੱਡਿਆ ਨਹੀਂ ਜਾਵੇਗਾ।

ਵਿਵਾਦ ਪੂਰਨ ਐਨ ਆਰ ਸੀ ਬਾਰੇ ਇੱਕ ਰੈਲੀ ਨੂੰ ਸੰਬੋਧਨ ਕਰਦੇ ਹੋਏ ਅਮਿਤ ਸ਼ਾਹ ਨੇ ਸਾਫ ਕਿਹਾ ਕਿ ਪੱਛਮੀ ਬੰਗਾਲ ਦੀ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਵੱਲੋਂ ਐੱਨ ਆਰ ਸੀ ਬਾਰੇ ਬੰਗਾਲ ਦੇ ਲੋਕਾਂ ਨੂੰ ਗੁੰਮ-ਰਾਹ ਕੀਤਾ ਜਾ ਰਿਹਾ ਹੈ। ਮੈਂ ਸਾਰੇ ਹਿੰਦੂ, ਬੋਧੀ, ਸਿੱਖ, ਜੈਨ ਸ਼ਰਨਾਰਥੀਆਂ ਨੂੰ ਭਰੋਸਾ ਦਿੰਦਾ ਹਾਂ ਕਿ ਉਨ੍ਹਾਂ ਨੂੰ ਦੇਸ਼ ਛੱਡਣਾ ਨਹੀਂ ਪਵੇਗਾ, ਉਨ੍ਹਾਂ ਨੂੰ ਭਾਰਤੀ ਨਾਗਰਿਕਤਾ ਮਿਲੇਗੀ ਤੇ ਉਨ੍ਹਾਂ ਨੂੰ ਇੱਕ ਭਾਰਤੀ ਨਾਗਰਿਕ ਦੇ ਸਾਰੇ ਅਧਿਕਾਰ ਮਿਲਣਗੇ। ਉਨ੍ਹਾਂ ਕਿਹਾ ਕਿ ਸਾਰੇ ਘੁਸਪੈਠੀਆਂ ਨੂੰ ਦੇਸ਼ ਤੋਂ ਕੱਢਿਆ ਜਾਵੇਗਾ। ਭਾਜਪਾ ਪ੍ਰਧਾਨ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ ਆਰਟੀਕਲ 370 ਦੀਆਂ ਵਿਵਸਥਾਵਾਂ ਨੂੰ ਖਤਮ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਦੀ ਸ਼ਲਾਘਾ ਕੀਤੀ।



ਜਨਸੰਘ ਦੇ ਮੋਢੀ ਸ਼ਿਆਮਾ ਪ੍ਰਸਾਦ ਮੁਖਰਜੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਮੁਖਰਜੀ ਦੇ ਬਲਿਦਾਨ ਕਾਰਨ ਕੀ ਅੱਜ ਪੱਛਮੀ ਬੰਗਾਲ ਭਾਰਤੀ ਗਣਰਾਜ ਦਾ ਹਿੱਸਾ ਹੈ, ਉਥੇ ਸ਼ਾਹ ਨੇ ਕੱਲ੍ਹ ਸ਼ਹਿਰ ਦੇ ਪੂਰਬੀ ਕਿਨਾਰੇ ਸਾਲਟ ਲੇਕ ਖੇਤਰ ਵਿੱਚ ਪਹਿਲੀ ਵਾਰ ਬੀ ਜੇ ਬਲਾਕ ਦੁਰਗਾ ਪੂਜਾ ਪੰਡਾਲ ਦਾ ਉਦਘਾਟਨ ਕੀਤਾ।

## ਮਹਾਰਾਸ਼ਟਰ ਦੇ ਮੁੱਖ ਮੰਤਰੀ ਫੜਨਵੀਸ ਵਿਰੁੱਧ ਸੁਪਰੀਮ ਕੋਰਟ ਵੱਲੋਂ ਕੇਸ ਚਲਾਉਣ ਦਾ ਨਿਰਦੇਸ਼

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਝਟਕਾ ਦਿੰਦਿਆਂ ਕੱਲ੍ਹ ਸੁਪਰੀਮ ਕੋਰਟ ਨੇ ਬੰਬਈ ਹਾਈ ਕੋਰਟ ਦੇ ਇੱਕ ਫੈਸਲੇ ਨੂੰ ਰੱਦ ਕਰ ਕੇ ਫੜਨਵੀਸ ਵਿਰੁੱਧ ਮੁਕੱਦਮਾ ਚਲਾਉਣ ਲਈ ਕਿਹਾ ਹੈ। ਉਨ੍ਹਾ 'ਤੇ ਚੋਣ ਐਫੀਡੇਵਿਟ ਵਿੱਚ ਸੱਚ ਲੁਕਾਉਣ ਦਾ ਦੋਸ਼ ਹੈ। ਇਹ ਕੇਸ ਮੈਜਿਸਟਰੇਟ ਦੀ ਅਦਾਲਤ ਵਿੱਚ ਚੱਲੇਗਾ। ਪਹਿਲਾਂ ਸੁਪਰੀਮ ਕੋਰਟ ਨੇ 23 ਜੁਲਾਈ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ।

ਅਦਾਲਤ ਨੇ ਇਹ ਫੈਸਲਾ ਫੜਨਵੀਸ ਦੇ ਵਿਰੁੱਧ ਦਾਇਰ ਕੀਤੀ ਗਈ ਇੱਕ ਪਟੀਸ਼ਨ ਉਤੇ ਦਿੱਤਾ ਹੈ। ਸੁਪਰੀਮ ਕੋਰਟ ਨੇ ਇਹ ਤੈਅ ਕਰਨਾ ਸੀ ਕਿ 2014 ਦੀਆਂ ਅਸੈਂਬਲੀ ਚੋਣਾਂ ਦੌਰਾਨ ਚੋਣ ਐਫੀਡੇਵਿਟ ਵਿੱਚ ਦੋ ਅਪਰਾਧਕ



ਕੇਸਾਂ ਦੀ ਜਾਣਕਾਰੀ ਲੁਕਾਉਣ ਲਈ ਫੜਨਵੀਸ ਵਿਰੁੱਧ ਕਾਨੂੰਨੀ ਕਾਰਵਾਈ ਦੀ ਆਗਿਆ ਦਿੱਤੀ ਜਾਵੇ ਜਾਂ ਨਾ। ਦੋਵੇਂ ਮਾਮਲੇ ਨਾਗਪੁਰ ਦੇ ਹਨ। ਇਨ੍ਹਾਂ ਵਿੱਚੋਂ ਇੱਕ ਮਾਣਹਾਨੀ ਦਾ ਅਤੇ ਦੂਸਰਾ ਠੱਗੀ ਦਾ ਹੈ। ਵਕੀਲ ਸਤੀਸ਼ ਨੇ ਦੋਸ਼ ਲਾਇਆ ਸੀ ਕਿ ਨਾਮਜ਼ਦਗੀ ਕਾਗਜ਼ ਦਾਖਲ ਕਰਦੇ ਸਮੇਂ ਫੜਨਵੀਸ ਨੇ ਝੂਠਾ ਐਫੀਡੇਵਿਟ ਦਿੱਤਾ ਸੀ। ਬੰਬਈ ਹਾਈ ਕੋਰਟ ਨੇ ਸਤੀਸ਼ ਦੀ ਪਟੀਸ਼ਨ ਨੂੰ ਪਹਿਲਾਂ ਰੱਦ ਕਰ ਦਿੱਤਾ ਤੇ ਕਿਹਾ ਸੀ ਕਿ ਇਸ ਵਿੱਚ ਤੱਥਾਂ ਦੀ ਕਮੀ ਹੈ। ਉਸ ਨੇ ਹਾਈ ਕੋਰਟ ਨੂੰ ਨਾਗਪੁਰ ਦੇ ਜੁਡੀਸ਼ਲ ਮੈਜਿਸਟਰੇਟ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿੱਚ ਅਜਿਹੀ ਇੱਕ ਪਟੀਸ਼ਨ ਨੂੰ ਰੱਦ ਕਰ ਦਿੱਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ 2009 ਅਤੇ 2014 ਵਿੱਚ ਨਾਗਪੁਰ ਦੇ ਦੱਖਣ-ਪੱਛਮ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਸਮੇਂ ਫੜਨਵੀਸ ਨੇ ਦੋ ਕ੍ਰਿਮੀਨਲ ਕੇਸਾਂ ਬਾਰੇ ਨਹੀਂ ਲਿਖਿਆ। ਪਟੀਸ਼ਨਰ ਦੇ ਮੁਤਾ-ਬਕ 1996 ਅਤੇ 1998 ਵਿੱਚ ਫੜਨਵੀਸ ਵਿਰੁੱਧ ਵੱਖ-ਵੱਖ ਦੋਸ਼ਾਂ ਵਿੱਚ ਉਕਤ ਦੋ ਕੇਸ ਦਰਜ ਕੀਤੇ ਗਏ ਸਨ। ਇਹ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 125 ਏ ਦਾ ਸਪੱਸ਼ਟ ਉਲੰਘਣ ਹੈ। 288 ਮੈਂਬਰੀ ਮਹਾਰਾਸ਼ਟਰ ਵਿਧਾਨ ਸਭਾ ਲਈ ਇਸ ਮਹੀਨੇ ਦੀ 21 ਤਰੀਕ ਨੂੰ ਫਿਰ ਨਵੇਂ ਸਿਰਿਓਂ ਵੋਟਾਂ ਪੈਣੀਆਂ ਹਨ।

## ਮੋਦੀ ਦਾ ਭਾਸ਼ਣ ਰੋਕਣ ਵਾਲਾ ਦੂਰਦਰਸ਼ਨ ਅਧਿਕਾਰੀ ਸਸਪੈਂਡ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਪ੍ਰਸਾਰ ਭਾਰਤੀ ਨੇ ਚੇਨਈ ਦੂਰਦਰਸ਼ਨ ਕੇਂਦਰ ਦੇ ਇੱਕ ਅਧਿਕਾਰੀ ਨੂੰ ਅਨੁਸ਼ਾਸਨੀ ਕਾਰਵਾਈ ਹੇਠ ਸਸਪੈਂਡ ਕਰ ਦਿੱਤਾ ਹੈ। ਦੂਰਦਰਸ਼ਨ ਕੇਂਦਰ ਦੀ ਸਹਾਇਕ ਨਿਰਦੇਸ਼ਕ ਆਰ. ਵਸੁਮਥੀ ਨੇ ਆਈ ਆਈ ਟੀ ਮਦਰਾਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਸ਼ਣ ਦਾ ਪ੍ਰਸਾਰਨ ਰੋਕ ਦਿੱਤਾ ਸੀ।

ਇਸ ਬਾਰੇ ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਸੀਨੀਅਰ ਅਧਿਕਾਰੀਆਂ ਨੇ ਡੀ ਡੀ ਪੋਡੀਗਈ ਟੀ ਵੀ ਚੈਨਲ ਤੋਂ ਪ੍ਰਸਾਰਤ ਕੀਤੇ ਜਾਣ ਵਾਲੇ ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣ ਨੂੰ ਮਨਜੂਰੀ ਦਿੱਤੀ ਸੀ, ਪਰ ਆਰ. ਵਸੁਮਥੀ ਨੇ ਭਾਸ਼ਣ ਨੂੰ ਰੋਕ ਦਿੱਤਾ ਸੀ। ਪ੍ਰਸਾਰ ਭਾਰਤੀ ਵਲੋਂ ਜਾਰੀ ਇਕ ਚਿੱਠੀ ਵਿੱਚ ਕਿਹਾ ਗਿਆ ਹੈ, 'ਵਸੁਮਥੀ ਨੂੰ ਸਿਵਲ ਸਰਵਿਸ ਨਿਯਮ 1965 ਦੇ ਤਹਿਤ ਸਸਪੈਂਡ ਕੀਤਾ ਗਿਆ ਹੈ।' ਆਰ. ਵਸੁਮਥੀ ਨੂੰ ਸਸਪੈਂਡ ਕੀਤੇ ਜਾਣ ਦਾ ਕਾਰਨ ਸਾਫ ਨਹੀਂ ਦੱਸਿਆ ਗਿਆ। ਇਸ ਦੇ ਨਾਲ ਇਸ ਚਿੱਠੀ ਵਿੱਚ ਸਿਰਫ਼ ਅਨੁਸ਼ਾਸਨੀ ਕਾਰਵਾਈ ਦੱਸੀ ਗਈ ਹੈ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਬੀਤੀ 30 ਸਤੰਬਰ ਨੂੰ ਆਈ ਆਈ ਟੀ ਮਦਰਾਸ ਦੇ ਡਿਗਰੀ ਵੰਡ ਸਮਾਗਮ ਨੂੰ ਸੰਬੋਧਤ ਕੀਤਾ ਤੇ ਉਸ ਦੌਰਾਨ ਪ੍ਰਧਾਨ ਮੰਤਰੀ ਸਿੰਗਾਪੁਰ-ਭਾਰਤ ਹੈਕਾਥਾਨ ਦੇ ਇਨਾਮ ਵੰਡ ਸਮਾਗਮ ਵਿੱਚ ਵੀ ਸ਼ਾਮਲ ਹੋਏ ਅਤੇ ਪ੍ਰਧਾਨ ਮੰਤਰੀ ਨੇ ਇਸੇ ਦੌਰਾਨ ਇਸੇ ਤਰ੍ਹਾਂ ਦਾ ਏਸ਼ੀਅਨ ਦੇਸ਼ਾਂ ਲਈ ਹੈਕਾਥਲਾਨ ਸ਼ੁਰੂ ਕਰਨ ਦਾ ਮਤਾ ਰੱਖਿਆ ਸੀ। ਇਸ ਨਾਲ ਪ੍ਰਧਾਨ ਮੰਤਰੀ ਨੇ ਕਲਾਈਮੇਟ ਚੇਂਜ ਦਾ ਨਵਾਂ ਆਈਡੀਆ ਲਿਆਉਣ ਦੀ ਮੰਗ ਕੀਤੀ ਸੀ।

## ਦਿੱਲੀ ਤੇ ਗੁਆਂਢੀ ਸੂਬੇ ਨਿਗਰਾਨੀ ਲਈ ਵਿਸ਼ੇਸ਼ ਸੈਲ ਬਣਾਉਣ: ਐਨ ਜੀ ਟੀ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਦਿੱਲੀ ਤੇ ਦੂਜੇ ਗੁਆਂਢੀ ਸੂਬਿਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਇਸ ਮਹੀਨੇ ਪਰਾਲੀ ਸਾੜਨ ਤੋਂ ਪੈਦਾ ਹੋਣ ਵਾਲੇ ਹਵਾ ਪ੍ਰਦੂਸ਼ਣ 'ਤੇ ਰੋਜ਼ਾਨਾ ਆਧਾਰ 'ਤੇ ਨਿਗਰਾਨੀ ਰੱਖਣ ਲਈ ਵਿਸ਼ੇਸ਼ ਸੈਲ ਬਣਾਏ ਜਾਣ।




ਇਸ ਸੰਬੰਧ ਵਿੱਚ ਐਨ ਜੀ ਟੀ ਦੇ ਚੇਅਰਪਰਸਨ ਜਸਟਿਸ ਆਦਰਸ਼ ਕੁਮਾਰ ਗੋਇਲ ਨੇ ਆਖਿਆ ਹੈ ਕਿ ਪਰਾਲੀ ਸਾੜਨ ਨਾਲ ਪੈਦਾ ਹੁੰਦੇ ਪ੍ਰਦੂਸ਼ਣ ਨਾਲ ਉਦੋਂ ਤੱਕ ਨਹੀਂ ਨਜਿੱਠਿਆ ਜਾ ਸਕਦਾ ਜਦੋਂ ਤੱਕ ਇਸ ਬਾਰੇ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ ਜਾਂਦੇ। ਉਨ੍ਹਾਂ ਸਲਾਹ ਦਿੱਤੀ ਕਿ ਰਾਜਾਂ ਨੂੰ ਇਹ ਸੈਲ ਜ਼ਿਲ੍ਹਾ ਪੱਧਰ 'ਤੇ ਬਣਾਉਣੇ ਚਾਹੀਦੇ ਹਨ ਤਾਂ ਕਿ ਸਥਿਤੀ 'ਤੇ ਨਜ਼ਰ ਰੱਖੀ ਜਾ ਸਕੇ। ਉਨ੍ਹਾਂ ਕਿਹਾ ਕਿ ਇਸ 'ਚ ਸ਼ੱਕ ਨਹੀਂ ਕਿ ਇਸ ਸਬੰਧੀ ਕੇਂਦਰ ਨੂੰ ਫੰਡ ਦੇਣੇ ਚਾਹੀਦੇ ਹਨ ਪਰ ਕੇਂਦਰ ਸਰਕਾਰ ਨੂੰ ਸਥਿਤੀ ਦੀ ਨਿਗਰਾਨੀ ਲਈ ਵੀ ਪ੍ਰਭਾਵੀ ਰਣਨੀਤੀਆਂ ਬਾਰੇ ਮਾਰਗ ਦਰਸ਼ਨ ਵੀ ਕਰਨਾ ਚਾਹੀਦਾ ਹੈ।

ਬੈਂਚ ਨੇ ਕਿਹਾ ਕਿ ਮੁੱਖ ਸਕੱਤਰ ਦੇ ਦਫਤਰ ਵਿੱਚ ਵਿਸ਼ੇਸ਼ ਸੈਲ ਬਣਾਇਆ ਜਾ ਸਕਦਾ ਹੈ ਤਾਂ ਕਿ ਘੱਟੋ-ਘੱਟ ਅਗਲੇ ਇੱਕ ਮਹੀਨੇ ਤੱਕ ਰੋਜ਼ਾਨਾ ਛੁੱਟੀਆਂ ਦੇ ਦਿਨ ਵੀ ਸਥਿਤੀ ਦੀ ਜਾਂਚ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਰਾਜਾਂ ਵੱਲੋਂ ਅਜਿਹੇ ਸੈਲ ਜ਼ਿਲ੍ਹਾ ਮੈਜਿਸਟ੍ਰੇਟਾਂ ਜਾਂ ਇਸ ਪੱਧਰ ਦੇ ਦਫਤਰ 'ਚ ਬਣਾਏ ਜਾਣ ਦੀ ਲੋੜ ਹੈ। ਇਸ ਨਿਗਰਾਨ ਮਸ਼ੀਨਰੀ ਨੂੰ 7 ਅਕਤੂਬਰ ਤੱਕ ਅੰਤਿਮ ਰੂਪ ਦੇ ਕੇ ਸੂਬਾ ਸਰਕਾਰਾਂ ਦੀ ਵੈੱਬਸਾਈਟ 'ਤੇ ਪਾਇਆ ਜਾਵੇ ਤਾਂ ਜਨਤਕ ਹਿੱਸੇਦਾਰੀ ਨੂੰ ਉਤਸ਼ਾਹਿਤ ਕਰ ਸਕਦਾ ਹੈ ਤੇ ਜਾਗਰੂਕਤਾ ਵਧਾ ਸਕਦਾ ਹੈ।

## ਗਡਕਰੀ ਨੇ ਗਾਂ ਦੇ ਗੋਬਰ ਤੋਂ ਬਣਿਆ ਸਾਬਣ, ਬਾਂਸ ਦੀਆਂ ਬੋਤਲਾਂ ਪੇਸ਼ ਕੀਤੀਆਂ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਮਾਈਕਰੋ, ਛੋਟੇ ਅਤੇ ਦਰਮਿਆਨੇ ਉਦਮ (ਐੱਮ ਐੱਸ ਐੱਮ ਈ) ਮੰਤਰੀ ਨਿਤਿਨ ਗਡਕਰੀ ਨੇ ਕੱਲ੍ਹ ਗਾਂ ਦੇ ਗੋਬਰ ਨਾਲ ਬਣਿਆ ਸਾਬਣ ਅਤੇ ਬਾਂਸ ਦੀਆਂ ਬਣੀਆਂ ਪਾਣੀ ਦੀਆਂ ਬੋਤਲਾਂ ਪੇਸ਼ ਕੀਤੀਆਂ। ਇਹ ਉਤਪਾਦ ਖਾਦੀ ਅਤੇ ਗ੍ਰਾਮ ਉਦਯੋਗ ਕਮਿਸ਼ਨ ਦੁਆਰਾ ਤਿਆਰ ਕੀਤੇ ਗਏ ਹਨ।

ਵਰਨਣ ਯੋਗ ਹੈ ਕਿ ਨਿਤਿਨ ਗਡਕਰੀ ਨੇ ਕੱਲ੍ਹ ਗਾਂਧੀ ਜਯੰਤੀ ਮੌਕੇ ਇੱਕ ਸਮਾਗਮ ਵਿੱਚ ਕਿਹਾ ਕਿ ਉਹ ਜੈਵਿਕ ਖੇਤੀ ਅਤੇ ਇਸ ਦੇ ਫਾਇਦਿਆਂ ਦੇ ਜ਼ਬਰਦਸਤ ਸਮਰਥਕ ਹਨ। ਸੜਕ, ਆਵਾਜਾਈ ਅਤੇ ਹਾਈਵੇਜ਼ ਮੰਤਰਾਲੇ ਦੇ ਲਈ ਜ਼ਿੰਮੇਵਾਰ ਨਿਤਿਨ ਗਡਕਰੀ ਨੇ ਬਾਹਰੀ ਐਕਸਪੋਰਟ ਇਕਾਈਆਂ ਨੂੰ ਨੈਸ਼ਨਲ ਸਟਾਕ ਐਕਸਚੇਂਜ ਵਿੱਚ ਸੂਚੀਬੱਧ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਮੰਤਰਾਲੇ ਨੇ ਇੱਕ ਯੋਜਨਾ ਦਾ ਪ੍ਰਸਤਾਵ ਦਿੱਤਾ ਹੈ ਜਿਸ ਹੇਠ ਅਜਿਹੀਆਂ ਐੱਮ ਐੱਸ ਐੱਮ ਈ ਯੂਨਿਟਾਂ ਵਿੱਚ 10 ਪ੍ਰਤੀਸ਼ਤ ਇਕੁਇਟੀ ਭਾਗੀਦਾਰੀ ਕੇਂਦਰ ਸਰਕਾਰ ਦੇ ਕੋਲ ਹੋਵੇਗੀ। ਗਡਕਰੀ ਨੇ ਇੱਕ ਪ੍ਰੋਗਰਾਮ ਵਿੱਚ ਕਿਹਾ, ਅਸੀਂ ਇੱਕ ਯੋਜਨਾ ਬਣਾਈ ਅਤੇ ਵਿੱਤ ਮੰਤਰਾਲੇ ਨੂੰ ਭੇਜੀ ਹੈ ਜਿੱਥੇ ਸਰਕਾਰ 10 ਫੀਸਦੀ ਇਕੁਇਟੀ ਵਿੱਚ ਯੋਗਦਾਨ ਪਾਏਗੀ। ਮੰਤਰੀ ਨੇ ਕਿਹਾ ਕਿ ਖਾਦੀ ਅਤੇ ਪੇਂਡੂ ਉਦਯੋਗ ਕਮਿਸ਼ਨ (ਕੇ ਵੀ ਆਈ ਸੀ) ਨੂੰ ਅਗਲੇ ਦੋ ਸਾਲਾਂ ਵਿੱਚ 10,000 ਕਰੋੜ ਰੁਪਏ ਦਾ ਟਰਨਓਵਰ ਹਾਸਲ ਕਰਨ ਚਾਹੀਦਾ ਹੈ ਤੇ ਖਾਸਕਰ ਦਿਹਾਤੀ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰਨਾ ਚਾਹੀਦਾ ਹੈ। ਬਾਂਸ ਦੀਆਂ ਪਾਣੀ ਦੀਆਂ ਬੋਤਲਾਂ ਦੀ ਕੀਮਤ 560 ਰੁਪਏ ਅਤੇ 125 ਗਰਾਮ ਸਾਬਣ 125 ਰੁਪਏ ਹੈ।

## ਪਾਕਿਸਤਾਨ ਨੂੰ ਕਾਲੀ ਸੂਚੀ ਵਿੱਚ ਪਾਇਆ ਜਾ ਸਕਦੈ: ਰਾਜਨਾਥ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਖਤਮ ਕਰਨ ਤੋਂ ਬਾਅਦ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਵੱਲੋਂ ਮਿਲੀਆਂ ਐਟਮੀ ਹਮਲੇ ਦੀਆਂ ਧਮਕੀਆਂ ਦਰਮਿਆਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਉੱਤੇ ਇੱਕ ਤਿੱਖਾ ਹਮਲਾ ਕੀਤਾ ਹੈ।

ਰਾਜਨਾਥ ਸਿੰਘ ਨੇ ਪਾਕਿਸਤਾਨ ਨੂੰ ਲੰਮੇ ਹੱਥੀਂ ਲੈਂਦੇ ਹੋਏ ਉਸ ਨੂੰ ਵਿੱਤੀ ਮਾੜੇ ਪ੍ਰਬੰਧਾਂ ਦੀ ਜਿੰਦਾ ਮਿਸਾਲ ਕਰਾਰ ਦਿੱਤਾ ਹੈ। ਉਨ੍ਹਾ ਨੇ ਕਿਹਾ ਕਿ ਮਨੀ ਲਾਂਡ੍ਰਿੰਗ ਅਤੇ ਅੱਤਵਾਦ ਫੰਡਿੰਗ ਉਤੇ ਤਿੱਖੀ ਨਜ਼ਰ ਰੱਖਣ ਵਾਲੀ ਕੌਮਾਂਤਰੀ ਸੰਸਥਾ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਕਦੀ ਵੀ ਪਾਕਿ ਨੂੰ ਕਾਲੀ ਸੂਚੀ ਵਿੱਚ ਪਾ ਸਕਦੀ ਹੈ। ਪਿਛਲੇ ਅਗਸਤ ਵਿੱਚ ਐਫ ਏ ਟੀ ਐਫ ਦੇ ਏਸ਼ੀਆ ਪ੍ਰਸ਼ਾਤ ਸਮੂਹ ਨੇ ਪਾਕਿਸਤਾਨ ਨੂੰ ਅੱਤਵਾਦ ਦੀ ਕਾਲੀ ਸੂਚੀ ਵਿੱਚ ਪਾਉਣ ਦੇ ਯੋਗ ਮੰਨਿਆ ਸੀ ਕਿਉਂਕਿ ਉਹ ਭਾਰਤ ਵਿੱਚ ਹੋਏ ਕਈ ਹਮਲਿਆਂ ਲਈ ਜ਼ਿੰਮੇਦਾਰ ਅੱਤਵਾਦੀ ਗਰੁੱਪਾਂ ਤੱਕ ਰਾਸ਼ੀ ਪਹੁੰਚਾਉਣ ਤੋਂ ਰੋਕਣ ਵਿੱਚ ਅਸਫਲ ਰਿਹਾ ਸੀ। ਐਫ ਏ ਟੀ ਐਫ ਦੀ ਅਗਲੀ ਮੀਟਿੰਗ 13 ਤੋਂ 18 ਅਕਤੂਬਰ ਵਿਚਕਾਰ ਪੈਰਿਸ ਵਿੱਚ ਹੋਣ ਵਾਲੀ ਹੈ। ਇਸ ਮੀਟਿੰਗ ਵਿੱਚ ਤੈਅ ਹੋਵੇਗਾ ਕਿ ਪਾਕਿਸਤਾਨ ਇਸ ਦੀ ਗਰੇਅ ਸੂਚੀ ਵਿੱਚ ਬਣਿਆ ਰਹੇਗਾ ਜਾਂ ਹੋਰ ਹੇਠਾਂ ਡਿੱਗ ਕੇ ਕਾਲੀ ਸੂਚੀ ਵਿੱਚ ਸ਼ਾਮਲ ਹੋ ਜਾਵੇਗਾ, ਜਿਸ ਦੀ ਸੰਭਾਵਨਾ ਜ਼ਿਆਦਾ ਹੈ। ਰਾਜਨਾਥ ਸਿੰਘ ਨੇ ਕਿਹਾ ਕਿ ਪਾਕਿਸਤਾਨ ਵਿੱਚ ਵਿੱਤੀ ਪ੍ਰਗਤੀ ਤੋਂ ਬਿਨਾਂ ਲੋੜ ਤੋਂ ਜ਼ਿਆਦਾ ਫੌਜੀਕਰਨ ਹੋ ਰਿਹਾ ਹੈ।

## ਇਸ਼ਰਤ ਜਹਾਂ ਦੀ ਮਾਂ ਇਨਸਾਫ ਦੀ ਲੰਬੀ ਕਾਨੂੰਨੀ ਪ੍ਰਕਿਰਿਆ ਤੋਂ ਅੱਕ ਗਈ

ਅਹਿਮਦਾਬਾਦ, 2 ਅਕਤੂਬਰ (ਪੋਸਟ ਬਿਊਰੋ)- ਗੁਰਜਾਤ ਪੁਲਸ ਵੱਲੋਂ ਝੂਠੇ ਪੁਲਸ ਮੁਕਾਬਲੇ ਵਿੱਚ ਮਾਰੀ ਦੱਸੀ ਜਾਂਦੀ ਇਸ਼ਰਤ ਜਹਾਂ ਦੀ ਮਾਂ ਸ਼ਮੀਮਾ ਕੌਸਰ ਨੇ ਕਿਹਾ ਹੈ ਕਿ ਉਹ ਇਨਸਾਫ ਹਾਸਲ ਕਰਨ ਦੀ ਲੰਬੀ ਪ੍ਰਕਿਰਿਆ ਤੋਂ ਅੱਕ ਗਈ ਹੈ। ਆਪਣੇ ਆਪ ਨੂੰ ਨਾਉਮੀਦ ਦੱਸ ਕੇ ਉਸ ਨੇ ਕਿਹਾ ਕਿ ਉਹ ਅਗਲੀ ਜਾਂਚ ਵਿੱਚ ਸ਼ਾਮਲ ਨਹੀਂ ਹੋਵੇਗੀ।

ਵਰਣਣ ਯੋਗ ਹੈ ਕਿ ਸੀ ਬੀ ਆਈ ਦੇ ਵਿਸ਼ੇਸ਼ ਜੱਜ ਆਰ ਕੇ ਛੂਦਾਵਾਲਾ ਵੱਲੋਂ ਚਾਰ ਪੁਲਸ ਅਧਿਕਾਰੀਆਂ ਆਈ ਜੀ ਪੀ, ਜੀ ਐਲ ਸਿੰਘਲ, ਸਾਬਕਾ ਡੀ ਐਸ ਪੀ ਤਰੁਨ ਬਰੋਟ, ਸਾਬਕਾ ਡਿਪਟੀ ਐਸ ਪੀ, ਜੇ ਜੀ ਪ੍ਰਮਾਰ ਤੇ ਅਸਿਸਟੈਂਟ ਸਬ ਇੰਸਪੈਕਟਰ ਅਨੁਜਾ ਚੌਧਰੀ ਦੇ ਖਿਲਾਫ ਕੇਸ ਦੀ ਸੁਣਵਾਈ ਕੀਤੀ ਜਾ ਰਹੀ ਹੈ। ਇਸ਼ਰਤ ਦੀ ਮਾਂ ਕੌਸਰ ਨੇ ਵਿਸ਼ੇਸ਼ ਜੱਜ ਨੂੰ ਪੱਤਰ ਲਿਖ ਕੇ ਕਿਹਾ ਕਿ ਉਸ ਦਾ ਦਿਲ ਟੁੱਟ ਚੁੱਕਾ ਹੈ ਤੇ ਉਸ ਨੂੰ ਕੋਈ ਉਮੀਦ ਨਹੀਂ ਰਹੀ। ਇਸ ਕਰਕੇ ਉਹ ਕੇਸ ਨਾਲੋਂ ਆਪਣੇ ਆਪ ਨੂੰ ਪਾਸੇ ਕਰ ਰਹੀ ਹੈ। ਉਸ ਨੇ ਕਿਹਾ ਕਿ ਇਨਸਾਫ ਪ੍ਰਾਪਤੀ ਲਈ ਪੰਦਰਾਂ ਸਾਲ ਬੀਤ ਗਏ ਹਨ। ਉਸ ਦੀ ਲੜਕੀ ਨੂੰ ਮਾਰਨ ਵਾਲੇ ਕਈ ਪੁਲਸ ਅਫਸਰਾਂ ਨੂੰ ਜ਼ਮਾਨਤ ਮਿਲ ਗਈ ਹੈ ਤੇ ਕਈਆਂ ਨੂੰ ਸਰਕਾਰ ਨੇ ਦੁਬਾਰਾ ਨੌਕਰੀ 'ਤੇ ਜੁਆਇਨ ਕਰਵਾ ਲਿਆ ਹੈ ਤੇ ਇਸ ਵੇਲੇ ਕੇਸ ਦੇ ਟਰਾਇਲ ਹੀ ਸ਼ੁਰੂ ਹੋਏ ਹਨ।

## ਕਾਂਗਰਸ ਨੇ ਸਾਧਵੀ ਪ੍ਰਗਿਆ ਦੇ ਵਿਰੁੱਧ 'ਹਿੰਸਾ ਦੀ ਪੁਜਾਰਨ' ਦੇ ਪੋਸਟਰ ਲਾਏ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਗਾਂਧੀ ਜਯੰਤੀ ਮੌਕੇ ਇਕ ਵਾਰ ਫਿਰ ਕਾਂਗਰਸ ਨੇ ਭੋਪਾਲ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਸਾਧਵੀ ਪ੍ਰਗਿਆ ਸਿੰਘ ਠਾਕੁਰ ਵੱਲ ਨਿਸ਼ਾਨਾ ਸਾਧਿਆ ਤੇ ਉਸ ਦੇ ਵਿਰੁੱਧ ਪੋਸਟਰ ਲਾਏ ਹਨ, ਜਿਸ ਵਿਚ ਇਸ ਸਾਧਵੀ ਨੂੰ 'ਹਿੰਸਾ ਦੀ ਪੁਜਾਰਨ' ਕਿਹਾ ਗਿਆ ਹੈ। ਨੱਥੂਰਾਮ ਗੌਡਸੇ ਨੂੰ ਦੇਸ਼ ਭਗਤ ਦੱਸਣ ਕਾਰਨ ਕਾਂਗਰਸ ਨੇ ਸਾਧਵੀ ਪ੍ਰਗਿਆ ਨੂੰ ਨਿਸ਼ਾਨੇ ਉੱਤੇ ਲਿਆ ਹੈ ਤੇ ਭਾਜਪਾ ਉੱਤੇ ਦੋਹਰੀ ਸਿਆ-ਸਤ ਦਾ ਦੋਸ਼ ਲਾਇਆ ਹੈ। ਇੰਦੌਰ ਵਿਚ ਕਾਂਗਰਸ ਦੇ ਸਕੱਤਰ ਵਿਵੇਕ ਖੰਡੇਲਵਾਲ ਨੇ ਇਹ ਪੋਸਟਰ ਲਗਵਾਏ ਹਨ।

ਵਰਣਣ ਯੋਗ ਹੈ ਕਿ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਸਾਧਵੀ ਪ੍ਰਗਿਆ ਨੇ ਰੋਡ ਸ਼ੋਅ ਵੇਲੇ ਨੱਥੂਰਾਮ ਗੌਡਸੇ ਨੂੰ ਦੇਸ਼ਭਗਤ ਕਿਹਾ ਸੀ। ਸਾਧਵੀ ਨੇ ਇਕ ਸਵਾਲ ਦੇ ਜਵਾਬ ਵਿਚ ਇਕ ਨਿਊਜ਼ ਚੈਨਲ ਨੂੰ ਕਿਹਾ ਸੀ ਕਿ 'ਨੱਥੂਰਾਮ ਗੌਡਸੇ ਦੇਸ਼ਭਗਤ ਸਨ, ਹਨ ਅਤੇ ਰਹਿਣਗੇ। ਗੌਡਸੇ ਨੂੰ ਅਤਿਵਾਦੀ ਬੋਲਣ ਵਾਲੇ ਆਪਣੇ ਵੱਲ ਝਾਤੀ ਮਾਰਨ'। ਪ੍ਰਗਿਆ ਦੇ ਇਸ ਬਿਆਨ ਤੋਂ ਬਾਅਦ ਮੱਧ ਪ੍ਰਦੇਸ਼ ਹੀ




ਨਹੀਂ, ਕੇਂਦਰੀ ਸਿਆਸਤ ਵਿਚ ਹੰਗਾਮਾ ਹੋਇਆ ਸੀ, ਜਿਸ ਤੋਂ ਬਾਅਦ ਸਾਧਵੀ ਨੂੰ ਅਪਣੇ ਬਿਆਨ ਬਾਰੇ ਮਾਫੀ ਮੰਗਣੀ ਪਈ ਸੀ।

ਮਹਾਤਮਾ ਗਾਂਧੀ ਦੀ 150ਵੀਂ ਜਯੰਤੀ ਦੇ ਮੌਕੇ ਭਾਜਪਾ ਦੀ ਸੰਕਲਪ ਯਾਤਰਾ ਤੋਂ ਵੀ ਉਹ ਦੂਰ ਰਹੀ ਹੈ। ਭਾਜਪਾ ਦੀ ਇਹ ਯਾਤਰਾ 2 ਅਕਤੂਬਰ 2019 ਤੋਂ ਸ਼ੁਰੂ ਹੋ ਕੇ 30 ਜਨਵਰੀ 2020 ਤੱਕ ਚੱਲਣ ਵਾਲੀ ਹੈ। ਸਾਧਵੀ ਦੇ ਇਸ ਯਾਤਰਾ ਵਿਚ ਸ਼ਾਮਲ ਨਾ ਹੋਣ ਦਾ ਕਾਰਨ ਉਹਨਾਂ ਦੀ ਖਰਾਬ ਸਿਹਤ ਦੱਸਿਆ ਗਿਆ ਹੈ।

## ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਸੜਕ ਮੰਤਰਾਲੇ ਨੂੰ ਝਾੜ ਪਾਈ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਗਰੀਨ ਟ੍ਰਿਬਿਊਨਲ (ਐਨ ਜੀ ਟੀ) ਨੇ ਸੜਕੀ ਆਵਾਜਾਈ ਅਤੇ ਹਾਈਵੇਜ਼ ਮੰਤਰਾਲੇ ਨੂੰ ਝਾੜ ਪਾਈ ਹੈ। ਰਾਜਧਾਨੀ ਦਿੱਲੀ ਵਿੱਚ ਸੜਕਾਂ ਦੀ ਸਮਰੱਥਾ ਦੇ ਮੁਕਾ-ਬਲੇ ਕਿੰਨੀਆਂ ਗੱਡੀਆਂ ਨੂੰ ਇਜਾਜ਼ਤ ਦਿੱਤੀ ਜਾ ਸਕਦੀ ਹੈ, ਮੰਤਰਾਲਾ ਇਸ ਦੀ ਰਿਪੋਰਟ ਸੌਂਪਣ ਵਿੱਚ ਅਸਫਲ ਰਿਹਾ ਹੈ।

ਐਨ ਜੀ ਟੀ ਦੇ ਚੇਅਰਮੈਨ ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਪ੍ਰਧਾਨਗੀ ਵਾਲੀ ਬੈਂਚ ਨੇ ਕਿਹਾ ਹੈ ਕਿ ਇਹ ਅਪਰਾਧਿਕ ਹੈ। ਅਦਾਲਤ ਨੇ ਸੜਕੀ ਆਵਾਜਾਈ ਮੰਤਰਾਲੇ ਦੇ ਸਕੱਤਰ ਨੂੰ ਰਿਪੋਰਟ ਪੇਸ਼ ਕਰਨ ਦਾ ਅੰਤਿਮ ਮੌਕਾ ਦਿੱਤਾ ਹੈ। ਤਾਜ਼ਾ ਆਦੇਸ਼ ਵਿੱਚ ਬੈਂਚ ਨੇ ਕਿਹਾ ਹੈ ਕਿ ਇਹ ਸਾਫ ਨਹੀਂ ਕਿ ਆਵਾਜਾਈ ਮੰਤਰਾਲਾ ਇਸ ਟ੍ਰਿਬਿਊਨਲ ਦੇ ਆਦੇਸ਼ ਦੇ ਬਾਵਜੂਦ ਰਿਪੋਰਟ ਪੇਸ਼ ਕਰਨ ਵਿੱਚ ਕਿਉਂ ਅਸਫਲ ਰਿਹਾ। ਇਹ ਉਲੰਘਣ ਜੁਰਮ ਹੈ। ਇਸ ਲਈ ਇਸ ਉਲੰਘਣ 'ਤੇ ਸਜ਼ਾ ਯੋਗ ਕਦਮ ਚੁੱਕਣ ਦੀ ਜ਼ਰੂਰਤ ਹੋ ਸਕਦੀ ਹੈ ਪਰ ਅਜਿਹਾ ਕਰਨ ਤੋਂ ਪਹਿਲਾਂ ਅਸੀਂ ਆਵਾਜਾਈ ਮੰਤਰਾਲੇ ਦੇ ਸਕੱਤਰ ਨੂੰ ਆਦੇਸ਼ ਦਾ ਪਾਲਣ ਕਰਨ ਅਤੇ ਇਕ ਮਹੀਨੇ ਦੇ ਅੰਦਰ ਈ-ਮੇਲ ਰਾਹੀ ਰਿਪੋਰਟ ਸੌਂਪਣ ਦਾ ਅੰਤਿਮ ਮੌਕਾ ਦੇ ਰਹੇ ਹਾਂ। ਇਸ ਵਿੱਚ ਅਸਫਲ ਰਹਿਣ 'ਤੇ ਕਾਨੂੰਨ ਦਾ ਸ਼ਾਸਨ ਲਾਗੂ ਕਰਨ ਲਈ ਮੰਤਰਾਲੇ ਦੇ ਸਕੱਤਰ ਖਿਲਾਫ ਨਿੱਜੀ ਤੌਰ 'ਤੇ ਸਜ਼ਾ ਯੋਗ ਕਦਮ ਚੁੱਕਿਆ ਜਾਵੇਗਾ। ਟ੍ਰਿਬਿਊਨਲ ਨੇ ਕਿਹਾ ਕਿ ਪਿਛਲੇ ਸਾਲ ਅਕਤੂਬਰ ਵਿੱਚ ਉਸ ਨੇ ਮੰਤਰਾਲੇ ਨੂੰ ਅਧਿਐਨ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਬਾਰੇ 29 ਅਪ੍ਰੈਲ 2019 ਨੂੰ ਵਿਚਾਰ ਕੀਤਾ ਜਾਣਾ ਸੀ ਪਰ ਕੋਈ ਰਿਪੋਰਟ ਨਹੀਂ ਸੌਂਪੀ ਗਈ ਅਤੇ ਸੁਣਵਾਈ ਤਿੰਨ ਵਾਰ ਮੁਲਤਵੀ ਕੀਤੀ ਗਈ।

ਪਟੀਸ਼ਨ ਦਾਇਰ ਕਰਨ ਵਾਲੇ ਆਵਾਜਾਈ ਮੰਤਰਾਲੇ ਦੇ ਸਕੱਤਰ ਨੂੰ ਕਾਗਜ਼ਾਤ ਦਾ ਪੂਰਾ ਸੈਂਟ ਸਕਦੇ ਹਨ। ਇਸ ਤੋਂ ਬਾਅਦ ਐਨ ਜੀ ਟੀ ਨੇ ਮਾਮਲੇ ਦੀ ਸੁਣਵਾਈ ਨੌ ਦਸੰਬਰ ਤੈਅ ਕਰ ਦਿੱਤੀ।

### ਮੋਦੀ ਸਰਕਾਰ ਨੂੰ ਨਵਾਂ ਝਟਕਾ

## ਰੇਲਵੇ ਦੀ ਆਮਦਨ ਅਗਸਤ ਮਹੀਨੇ 12,000 ਕਰੋੜ ਰੁਪਏ ਘਟੀ

ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਵਿਗੜੀ ਹੋਈ ਆਰਥਿਕ ਹਾਲਤ ਵਿੱਚ ਭਾਰਤ ਲਈ ਕੋਈ ਵੀ ਚੰਗੀ ਖਬਰ ਨਹੀਂ ਆ ਰਹੀ। ਆਰਥਿਕ ਮੋਰਚੇ 'ਤੇ ਢਹਿ ਰਹੀ ਮੋਦੀ ਸਰਕਾਰ ਲਈ ਇੱਕ ਹੋਰ ਝਟਕੇ ਦੇਂਦੀ ਖਬਰ ਆਈ ਹੈ। ਬੀਤੇ ਅਗਸਤ ਮਹੀਨੇ ਵਿੱਚ ਰੇਲਵੇ ਦੀ ਆਮਦਨ 12 ਹਜ਼ਾਰ ਕਰੋੜ ਰੁਪਏ ਘੱਟ ਗਈ ਹੈ।

ਪਤਾ ਲੱਗਾ ਹੈ ਕਿ ਰੇਲਵੇ ਦੀ ਚਾਲੂ ਵਿੱਤੀ ਸਾਲ ਵਿੱਚ ਅਪ੍ਰੈਲ ਅਤੇ ਅਗਸਤ ਦੌਰਾਨ ਟਿਕਟਾਂ ਦੀ ਬੁਕਿੰਗ, ਢੋਆ-ਢੁਆਈ ਅਤੇ ਹੋਰਨਾਂ ਵੱਖ ਵੱਖ ਮਦਾਂ ਵਿੱਚ ਆਮਦਨ ਪਿਛਲੇ ਸਾਲ ਦੇ ਬਰਾਬਰ ਸਮੇਂ ਦੀ ਤੁਲਨਾ ਵਿੱਚ 12,000 ਕਰੋੜ ਰੁਪਏ ਘੱਟ




ਰਹੀ ਹੈ। ਇੱਕ ਰਿਪੋਰਟ ਮੁਤਾਬਕ ਸਾਲ ਦੇ ਪਹਿਲੇ ਪੰਜ ਮਹੀਨਿਆਂ ਵਿੱਚ ਰੇਲਵੇ ਵਾਧੇ ਦੇ ਆਪਣੇ ਕਿਸੇ ਵੀ ਨਿਸ਼ਾਨੇ ਨੂੰ ਹਾਸਲ ਕਰਨ ਵਿੱਚ ਨਾਕਾਮ ਰਿਹਾ। ਇਸ ਗਿਰਾਵਟ ਵਿੱਚ ਮੁਲਾਜ਼ਮਾਂ ਦੀ ਤਨਖਾਹ ਅਤੇ ਪੈਨਸ਼ਨ ਦੇ ਖਰਚ ਨੂੰ ਨਹੀਂ ਜੋੜਿਆ ਗਿਆ, ਜੇ ਇਨ੍ਹਾਂ ਨੂੰ ਜੋੜ ਦਿੱਤਾ ਜਾਏ ਤਾਂ ਰੇਲਵੇ ਦੀ ਆਮਦਨ ਵਿੱਚ ਕਮੀ ਦਾ ਅੰਕੜਾ ਹੋਰ ਵੱਧ ਸਕਦਾ ਹੈ। ਰਿਪੋਰਟ ਵਿੱਚ ਇਹ ਗੱਲ ਕਹੀ ਗਈ ਹੈ ਕਿ ਰੇਲਵੇ ਨੇ ਅਗਸਤ ਤੱਕ ਯਾਤਰੀ ਸੇਵਾਵਾਂ ਤੋਂ ਆਮਦਨ ਵਿੱਚ 9.65 ਫੀਸਦੀ ਦੇ ਵਾਧੇ ਦਾ ਨਿਸ਼ਾਨਾ ਰੱਖਿਆ ਸੀ, ਪਰ ਅਸਲ ਵਿੱਚ ਉਹ ਸਿਰਫ 4.56 ਫੀਸਦੀ ਹੀ ਵਧਾ ਦਰਜ ਕਰ ਸਕਿਆ। ਢੁਆਈ ਦੇ ਵਾਧੇ ਦੇ 12.22 ਫੀਸਦੀ ਦੇ ਨਿਸ਼ਾਨੇ ਦੇ ਮੁਕਾਬਲੇ ਵਿੱਚ ਅਸਲ ਵਿੱਚ ਇਹ ਵਾਧਾ ਸਿਰਫ 2.80 ਫੀਸਦੀ ਰਿਹਾ। ਰਿਪੋਰਟ ਮੁਤਾਬਕ ਸਾਲ ਦੇ ਅੰਤ ਤੱਕ ਰੇਲਵੇ ਦੀ ਆਮਦਨ 30 ਹਜ਼ਾਰ ਕਰੋੜ ਰੁਪਏ ਤੱਕ ਘੱਟ ਰਹਿ ਸਕਦੀ ਹੈ। ਰੇਲਵੇ ਦੇ ਅਧਿਕਾਰੀਆਂ ਨੇ ਆਮਦਨ ਵਿੱਚ ਕਮੀ ਦਾ ਕੋਈ ਵੀ ਪੂਰਾ ਅੰਕੜਾ ਦੇਣ ਤੋਂ ਨਾਂਹ ਕਰ ਦਿੱਤੀ ਹੈ।

# ਪ੍ਰਵਾਸੀ ਭਾਰਤੀ ਸਿੱਖਾਂ ਨੂੰ ਪਾਕਿ 45 ਦਿਨਾਂ ਵਾਲਾ ਮਲਟੀਪਲ ਵੀਜ਼ਾ ਜਾਰੀ ਕਰੇਗਾ

ਇਸਲਾਮਾਬਾਦ, 2 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨੀ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਇਹ ਐਲਾਨ ਕੀਤਾ ਹੈ ਕਿ ਪਾਕਿ ਸਰਕਾਰ ਵੱਲੋਂ ਭਾਰਤੀ ਪਾਸਪੋਰਟ ਤੋਂ ਇਲਾਵਾ ਵਿਦੇਸ਼ੀ ਪਾਸਪੋਰਟ ਰੱਖਣ ਵਾਲੇ ਸਿੱਖਾਂ ਨੂੰ 45 ਦਿਨਾਂ ਦਾ ਮਲਟੀਪਲ ਵੀਜ਼ਾ ਜਾਰੀ ਕੀਤਾ ਜਾਵੇਗਾ।



ਘੱਟ ਗਿਣਤੀਆਂ ਦੇ ਮਾਮਲਿਆਂ ਅਤੇ ਮਨੁੱਖੀ ਅਧਿਕਾਰਾਂ ਬਾਰੇ ਮੰਤਰੀ ਅਜ਼ਾਜ਼ ਆਲਮ ਅਤੇ ਐਮ ਪੀ ਏ ਅਤੇ ਪਾਰਲੀਮਾਨੀ ਸਕੱਤਰ ਮਹਿੰਦਰਪਾਲ ਸਿੰਘ ਦੀ ਅਗਵਾਈ ਵਾਲੇ ਇੱਕ ਵਫਦ ਨਾਲ ਗੱਲਬਾਤ ਦੌਰਾਨ ਗਵਰਨਰ ਸਰਵਰ ਨੇ ਕਿਹਾ ਕਿ ਪ੍ਰਵਾਸੀ ਭਾਰਤੀ ਸਿੱਖਾਂ, ਜਿਨ੍ਹਾਂ ਦੇ ਕੋਲ ਵਿਦੇਸ਼ੀ ਪਾਸ-ਪੋਰਟ ਹਨ, ਲਈ 45 ਦਿਨਾਂ ਦਾ ਮਲਟੀਪਲ ਐਂਟਰੀ ਵੀਜ਼ਾ ਜਾਰੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਭਾਰਤੀ ਸਿੱਖ ਇਸ ਸਮੇਂ ਵਿਦੇਸ਼ਾਂ 'ਚ ਰਹਿ ਰਹੇ ਹਨ, ਪਰ ਉਨ੍ਹਾਂ ਦੇ ਪਰਵਾਰ ਭਾਰਤ 'ਚ ਰਹਿੰਦੇ ਹਨ, ਉਹ ਵੀ ਇਸ ਸੁਵਿਧਾ ਦਾ ਲਾਭ ਲੈ ਸਕਣਗੇ। ਉਨ੍ਹਾਂ ਐਲਾਨ ਕੀਤਾ ਕਿ ਪ੍ਰਵਾਸੀ ਭਾਰਤੀ ਸਿੱਖਾਂ ਲਈ ਪਾਕਿਸਤਾਨ ਵਿਚਲੇ ਗੁਰ-ਦੁਆਰਾ ਸਾਹਿਬਾਨ ਦੇ ਦਰਸ਼ਨਾਂ ਦੇ ਲਈ ਉਚ ਪੱਧਰੀ ਬੱਸ ਸੇਵਾਵਾਂ ਵੀ ਪੇਸ਼ ਕਰਨ ਦਾ ਪ੍ਰਬੰਧ ਕੀਤਾ ਜਾਵੇਗਾ, ਤਾਂ ਕਿ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

ਇਸ ਦੌਰਾਨ ਪਾਕਿਸਤਾਨ ਗ੍ਰਹਿ ਮੰਤਰਾਲੇ ਦੇ ਇੱਕ ਸੈਕਸ਼ਨ ਅਫਸਰ (ਇੰਡੀਆ-1) ਮੁਹੰਦਮ ਸਲਮਾਨ ਮਲਿਕ ਨੇ ਪਾਕਿ ਦੀਆਂ ਸੁਰੱਖਿਆ ਅਤੇ ਖੁਫੀਆ ਏਜੰਸੀਆਂ ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਕਿਹਾ ਕਿ ਮੰਤਰਾਲੇ ਨੇ ਅੱਜ 175 ਦੇਸ਼ਾਂ ਲਈ ਆਨਲਾਈਨ ਵੀਜ਼ਾ ਪੋਰਟਲ ਸ਼ੁਰੂ ਕੀਤਾ ਹੈ। ਇਸ ਨਾਲ ਉਨ੍ਹਾਂ ਵਪਾਰੀਆਂ ਅਤੇ ਸੈਰ-ਸਪਾਟਾ ਦੇ ਚਾਹਵਾਨਾਂ ਨੂੰ ਭਾਰੀ ਲਾਭ ਪਹੁੰਚੇਗਾ, ਜੋ ਵੱਖ-ਵੱਖ ਉਦੇਸ਼ਾਂ ਲਈ ਪਾਕਿਸਤਾਨ ਆਉਣਾ ਚਾਹੁੰਦੇ ਹਨ। ਉਕਤ ਨੋਟੀਫਿਕੇਸ਼ਨ ਅਨੁਸਾਰ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾਂ 'ਤੇ ਆਉਣ ਵਾਲੇ ਸਿੱਖ ਯਾਤਰੂਆਂ ਲਈ ਇਸੇ ਪੋਰਟਲ 'ਚ ਵੱਖਰੀ ਕੈਟਾਗਰੀ ਬਣਾਉਣ ਬਾਰੇ ਵਿਚਾਰ ਹੋ ਰਿਹਾ ਹੈ। ਇਸ ਰਾਹੀਂ ਉਨ੍ਹਾਂ ਨੂੰ ਵਿਸ਼ੇਸ਼ ਧਾਰਮਿਕ ਵੀਜ਼ਾ ਅਤੇ ਆਨ ਲਾਇਨ ਵੀਜ਼ਾ ਦਿੱਤਾ ਜਾਵੇਗਾ। ਦੱਸਿਆ ਜਾਂਦਾ ਹੈ ਕਿ ਪਾਕਿ ਵੱਲੋਂ ਸਿੱਖਾਂ ਦੀ ਸਹੂਲਤ ਲਈ ਵੱਖ-ਵੱਖ ਦੇਸ਼ ਵਿਚਲੇ ਪਾਕਿਸਤਾਨੀ ਦੂਤਘਰਾਂ 'ਚ ਵਿਸ਼ੇਸ਼ ਟੂਰਿਜ਼ਮ ਡੈਸਕ ਬਣਾਏ ਜਾਣਗੇ, ਜੋ ਪਾਕਿਸਤਾਨ ਆਉਣ ਵਾਲੇ ਸਿੱਖ ਸ਼ਰਧਾਲੂਆਂ ਦੀ ਸਹਾਇਤਾ ਕਰਨਗੇ।

# ਮ੍ਰਿਤਕ ਪੱਤਰਕਾਰ ਜਮਾਲ ਖਾਸ਼ੋਗੀ ਦੇ ਬੇਟੇ ਨੇ ਸਾਊਦੀ ਅਰਬ ਦਾ ਬਚਾਅ ਕੀਤਾ

ਦੁਬਈ, 2 ਅਕਤੂਬਰ (ਪੋਸਟ ਬਿਊਰੋ)- ਸਾਊਦੀ ਅਰਬ ਦੇ ਕਤਲ ਕੀਤੇ ਗਏ ਪੱਤਰਕਾਰ ਜਮਾਲ ਖਾਸ਼ੋਗੀ ਦੇ ਬੇਟੇ ਨੇ ਆਪਣੇ ਪਿਤਾ ਦੀ ਹੱਤਿਆ ਦੇ ਇੱਕ ਸਾਲ ਹੋਣ ਉੱਤੇ ਆਪਣੇ ਦੇਸ਼ ਦਾ ਬਚਾਅ ਕੀਤਾ ਹੈ।

ਇੱਕ ਸਮੇਂ ਸਤਾ ਦੇ ਕਰੀਬੀ ਰਹੇ ਅਤੇ ਬਾਅਦ ਵਿੱਚ ਅਲੋਚਕ ਬਣ ਗਏ ਖਾਸ਼ੋਗੀ ਦੀ ਇਸਤਾਂਬੂਲ ਵਿੱਚ ਸਾਊਦੀ ਅਰਬ ਵਿੱਚ 2 ਅਕਤੂਬਰ 2018 ਨੂੰ ਹੱਤਿਆ ਕਰ ਦਿੱਤੀ ਗਈ ਸੀ। ਇਸ ਬਾਰੇ ਸਾਊਦੀ ਅਰਬ ਦੇ ਰਿਆਦ ਵਿੱਚ 11 ਜਣਿਆਂ ਉੱਤੇ ਮੁਕਦਮਾ ਚੱਲ ਰਿਹਾ ਹੈ। ਇਨ੍ਹਾਂ ਵਿੱਚੋਂ ਪੰਜ ਜਣੇ ਮੌਤ ਦੀ ਸਜਾ ਦਾ ਸਾਮਨਾ ਕਰ ਰਹੇ ਹਨ।

ਮ੍ਰਿਤਕ ਪੱਤਰਕਾਰ ਖਾਸ਼ੋਗੀ ਦੇ ਬੇਟੇ ਸਲਾਹ ਖਾਸ਼ੋਗੀ ਨੇ ਕਿਹਾ ਕਿ ਨਿਆ ਵਿਵਸਥਾ ਵਿੱਚ ਉਨ੍ਹਾਂ ਦਾ ਪੂਰਾ ਭਰੋਸਾ ਹੈ। ਇਸ ਕੇਸ ਦਾ ਲਾਭ ਲੈਣ ਦੀ ਕੋਸ਼ਿਸ਼ ਲਈ ਉਸ ਨੇ ਵਿਰੋਧੀਆਂ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਨੇ ਇੱਕ ਟਵੀਟਰ ਵਿੱਚ ਕਿਹਾ, 'ਮੇਰੇ ਪਿਤਾ ਨੂੰ ਗੁਜਰੇ ਇੱਕ ਸਾਲ ਹੋ ਗਿਆ। ਇਸ ਦੌਰਾਨ ਪੂਰਬ ਅਤੇ ਪੱਛਮ ਵਿੱਚ ਵਿਰੋਧੀਆਂ ਅਤੇ ਦੁਸ਼ਮਣਾਂ ਨੇ ਮੇਰੇ ਦੇਸ਼ ਅਤੇ ਇਸ ਦੀ ਲੀਡਰਸ਼ਿਪ ਨੂੰ ਨੀਚਾ ਦਿਖਾਉਂਦੇ ਹੋਏ ਕੇਸ ਦਾ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ। ਮੈਨੂੰ ਇਹ ਠੀਕ ਨਹੀਂ ਲੱਗੇਗਾ ਕਿ ਉਨ੍ਹਾਂ ਦੇ ਗੁਜਰਨ ਤੋਂ ਬਾਅਦ ਉਨ੍ਹਾਂ ਦੇ ਮਾਮਲੇ ਦਾ ਲਾਭ ਉਠਾਉਣ ਦੀ ਕੋਸ਼ਿਸ਼ ਹੋਵੇ।'

'ਵਾਸ਼ਿਗਟਨ ਪੋਸਟ' ਨੇ ਇੱਕ ਅਪ੍ਰੈਲ ਨੂੰ ਖਬਰ ਦਿੱਤੀ ਸੀ ਕਿ ਇਸ ਕੇਸ ਵਿੱਚ ਚੁੱਪ ਰਹਿਣ ਦੀ ਸਲਾਹ ਦੇ ਨਾਲ ਖਾਸ਼ੋਗੀ ਦੇ ਬੱਚਿਆ ਨੂੰ ਕਰੋੜਾ ਡਾਲਰਾਂ ਦੇ ਘਰ ਦਿੱਤੇ ਗਏ ਅਤੇ ਪ੍ਰਸ਼ਾਸਨ ਉਨ੍ਹਾਂ ਨੂੰ ਹਰ ਮਹੀਨੇ ਹਜ਼ਾਰਾਂ ਡਾਲਰ ਦਾ ਭੁਗਤਾਨ ਕਰ ਰਿਹਾ ਹੈ। ਇਸ ਨਾਲ ਕੇਸ ਦੀ ਸਥਿਤੀ ਬਦਲ ਗਈ ਸੀ।

# ਵ੍ਹਾਈਟ ਹਾਊਸ ਵਿੱਚ ਚੂਹਿਆਂ ਦਾ ਦਬਦਬਾ, ਪੱਤਰਕਾਰ ਦੀ ਗੋਦ ਵਿੱਚ ਚੂਹਾ ਆਣ ਡਿੱਗਾ

ਵਾਸ਼ਿੰਗਟਨ, 2 ਅਕਤੂਬਰ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਦੇ ਘਰ ਵਿਚ ਚੂਹਿਆਂ ਦੀ ਦਹਿਸ਼ਤ ਹੈ। ਵ੍ਹਾਈਟ ਹਾਊਸ ਦੀ ਛੱਤ ਤੋਂ ਇਕ ਚੂਹਾ ਡਿੱਗਣ ਨਾਲ ਮੰਗਲਵਾਰ ਨੂੰ ਪੱਤਰਕਾਰ ਵੀ ਹੈਰਾਨ ਰਹਿ ਗਏ। ਇਕ ਚੂਹਾ ਇੱਕ ਪੱਤਰਕ-ਾਰ ਪੀਟਰ ਅਲੈਗਜ਼ੈਂਡਰ ਦੀ ਗੋਦੀ ਵਿਚ ਆਣ ਡਿੱਗਾ। ਇਸ ਦੇ ਬਾਅਦ ਇਹ ਚੂਹਾ ਇਕ ਸ਼ੈਲਫ ਹੇਠਾਂ ਉਲਝੀਆਂ ਹੋਈਆਂ ਤਾਰਾਂ ਵਿਚ ਜਾ ਕੇ ਲੁਕ ਗਿਆ।



ਪੱਤਰਕਾਰ ਦੀ ਗੋਦੀ ਵਿਚ ਚੂਹੇ ਦੇ ਅਚਾਨਕ ਡਿੱਗਣ ਨਾਲ ਨੇੜੇ ਬੈਠੇ ਦੂਜੇ ਪੱਤਰਕਾਰ ਡਰ ਗਏ ਤੇ ਓਥੇ ਹਫੜਾ-ਦਫੜੀ ਮੱਚ ਗਈ। ਕੁਝ ਪੱਤਰਕਾਰ ਚੂਹੇ ਨੂੰ ਭਜਾਉਣ ਅਤੇ ਫੜਨ ਦੀ ਕੋਸ਼ਿਸ਼ ਕਰਨ ਲੱਗੇ। ਇਸ ਦੇ ਬਾਅਦ ਚੂਹਾ ਪ੍ਰੈੱਸ ਏਰੀਆ ਤੋਂ ਹੁੰਦੇ ਹੋਏ ਬ੍ਰੀਫਿੰਗ ਰੂਮ ਵੱਲ ਜਾ ਕੇ ਗਾਇਬ ਹੋ ਗਿਆ। ਇਸ ਬਾਰੇ ਵ੍ਹਾਈਟ ਹਾਊਸ ਦੀ ਕੋਈ ਪ੍ਰਤੀਕਿਰਿਆ ਨਹੀਂ ਆਈ। ਸੋਸ਼ਲ ਮੀਡੀਆ ਉਤੇ ਚੂਹੇ ਦੀ ਤਸਵੀਰ ਅਤੇ ਉਸ ਨੂੰ ਫੜਨ ਦੀ ਕੀਤੀ ਗਈ ਕੋਸ਼ਿਸ਼ ਬਾਰੇ ਕਈ ਟਵੀਟਸ ਅਤੇ ਕੁਮੈਂਟਸ ਕੀਤੇ ਗਏ ਹਨ, ਜਿਨ੍ਹਾਂ ਦੀ ਹਰ ਪਾਸੇ ਚਰਚਾ ਹੈ।

ਵਰਨਣ ਯੋਗ ਹੈ ਕਿ 23ਵੇਂ ਰਾਸ਼ਟਰਪਤੀ ਬੇਂਜਾਮਿਨ ਹੈਰੀਸਨ ਦੀ ਪਤਨੀ ਕੈਰੋਲੀਨ ਨੇ ਇਕ ਵਾਰ ਕਿਹਾ ਸੀ, 'ਚੂਹਿਆਂ ਨੇ ਇਮਾਰਤ ਉੱਤੇ ਕਬਜ਼ਾ ਕਰ ਲਿਆ ਹੈ। ਇਸ ਲਈ ਉਨ੍ਹਾਂ ਨੂੰ ਬਾਹਰ ਕੱਢਣਾ ਬਹੁਤ ਜ਼ਰੂਰੀ ਹੈ। ਚੂਹਿਆਂ ਦੀ ਗਿਣਤੀ ਬਹੁਤ ਵਧ ਗਈ ਹੈ ਅਤੇ ਉਹ ਇੰਨੇ ਦਲੇਰ ਹੋ ਗਏ ਹਨ ਕਿ ਉਹ ਮੇਜ ਉੱਤੇ ਮਿਲ ਜਾਂਦੇ ਹਨ।' ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਲ 2017 ਵਿਚ ਕਿਹਾ ਸੀ, 'ਵ੍ਹਾਈਟ ਹਾਊਸ ਇਕ ਅਸਲੀ ਕੂੜਾਘਰ ਹੈ।'

ਵ੍ਹਾਈਟ ਹਾਊਸ ਅਤੇ ਨਾਲ ਲੱਗਦੇ ਇਲਾਕੇ ਦੀ ਦੇਖਭਾਲ ਰਾਸ਼ਟਰੀ ਪਾਰਕ ਸਰਵਿਸ ਵੱਲੋਂ ਕੀਤੀ ਜਾਂਦੀ ਹੈ ਜੋ ਹਰ ਹਫਤੇ ਚੂਹਿਆਂ ਨੂੰ ਭਜਾਉਣ ਲਈ ਸਫਾਈ ਮੁਹਿੰਮ ਚਲਾਉਂਦੀ ਹੈ।

# ਮੈਕਸੀਕੋ ਦੀ ਕੰਧ ਉੱਤੇ ਬਿਜਲੀ ਦੀ ਤਾਰ ਲਵਾਉਣਾ ਚਾਹੁੰਦੇ ਸਨ ਟਰੰਪ

ਵਾਸ਼ਿੰਗਟਨ, 2 ਅਕਤੂਬਰ (ਪੋਸਟ ਬਿਊਰੋ)- ਮੈਕਸੀਕੋ ਤੋਂ ਆ ਰਹੇ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਰੋਕਣਾ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਮੁੱਖ ਟੀਚਿਆਂ ਵਿੱਚੋਂ ਸੀ। ਇਸ ਦੇ ਲਈ ਉਹ ਮੈਕਸੀਕੋ ਸਰੱਹਦ ਉਤੇ ਕੰਧ ਬਣਾਉਣ ਦਾ ਆਪਣੇ ਚੋਣ ਵਾਅਦੇ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਪਰਵਾਸੀਆਂ ਨੂੰ ਰੋਕਣ ਲਈ ਉਹ ਏਨੇ ਕਾਹਲੇ ਸਨ ਕਿ ਕੰਧ ਉਤੇ ਬਿਜਲੀ ਦੀ ਤਾਰ ਲਾਉਣ ਦੀ ਤਜਵੀਜ਼ ਵੀ ਰੱਖੀ ਤਾਂ ਜੋ ਕਿ ਉਸ ਨੂੰ ਤੋੜਨ ਦੀ ਕੋਸ਼ਿਸ਼ ਨਾ ਕਰ ਸਕੇ।



ਇਕ ਨਿਊਜ਼ ਪੋਰਟਲ ਦੇ ਮੁਤਾਬਕ ਇਸ ਸਾਲ ਮਾਰਚ ਵਿੱਚ ਵ੍ਹਾਈਟ ਹਾਊਸ ਦੇ ਸਲਾਹਕਾਰਾਂ ਦੀ ਬੈਠਕ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੰਧ ਦੇ ਇਕ ਪਾਸੇ ਖੱਡਾ ਪੁੱਟਣ ਅਤੇ ਉਸ ਦੇ ਪਾਣੀ ਵਿੱਚ ਮਗਰਮੱਛ ਅਤੇ ਸੱਪ ਛੱਡਣ ਦੀ ਸਲਾਹ ਦਿੱਤੀ ਸੀ। ਇਸ ਬੈਠਕ ਦੇ ਅਗਲੇ ਦਿਨ ਉਨ੍ਹਾਂ ਨੇ ਦੋ ਹਜ਼ਾਰ ਮੀਲ ਵਿੱਚ ਫੈਲੀ ਮੈਕਸੀਕੋ ਸਰਹੱਦ ਪੂਰੀ ਤਰ੍ਹਾਂ ਸੀਲਬੰਦ ਕਰਨ ਨੂੰ ਕਿਹਾ ਅਤੇ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਦੇ ਪੈਰ ਉੱਤੇ ਗ਼ੋਲੀ ਮਾਰਨ ਦੀ ਸਲਾਹ ਦਿੱਤੀ ਸੀ। ਬੈਠਕ ਵਿੱਚ ਸ਼ਾਮਲ ਹੋਏ ਵ੍ਹਾਈਟ ਹਾਊਸ ਦੇ ਕਈ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਪਿੱਛੋਂ ਇਹ ਰਿਪੋਰਟ ਬਣਾਈ ਗਈ ਹੈ, ਜਿਸ ਮੁਤਾਬਕ ਬੈਠਕ ਸਿਰਫ਼ ਅੱਧਾ ਘੰਟਾ ਲਈ ਸੀ, ਪਰ ਪਰਵਾਸੀਆਂ ਦੀਆਂ ਸਮੱਸਿਆਵਾਂ ਤੋਂ ਗੁੱਸੇ ਵਿੱਚ ਆਏ ਟਰੰਪ ਨੂੰ ਸ਼ਾਂਤ ਕਰਨ ਲਈ ਦੋ ਘੰਟੇ ਚੱਲਦੀ ਰਹੀ। ਇਸ ਬੈਠਕ ਵਿੱਚ ਓਦੋਂ ਦੇ ਵਿਦੇਸ਼ ਮੰਤਰੀ ਮਾਈਕ ਪੋਂਪੀਓ, ਗ੍ਰਹਿ ਮੰਤਰੀ ਕਰਸਟਨ ਨੀਲਸਨ, ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ ਮੁਖੀ ਕੇਵਿਨ ਦੇ ਮੈਕਲੀਨਨ ਅਤੇ ਰਾਸ਼ਟਰਪਤੀ ਦੇ ਜਵਾਈ ਜੇਰੇਡ ਕੁਸ਼ਨਰ ਸਮੇਤ ਕਈ ਸੀਨੀਅਰ ਲੋਕ ਸ਼ਾਮਿਲ ਸਨ। ਗ਼ੈਰ ਕਾਨੂੰਨੀ ਪਰਵਾਸੀਆਂ ਦੇ ਪ੍ਰਤੀ ਨਰਮ ਰੁਖ਼ ਅਪਣਾਉਣ ਲਈ ਟਰੰਪ ਨੀਲਸਨ ਅਤੇ ਪੋਂਪੀਓ ਤੋਂ ਨਾਰਾਜ਼ ਸਨ। ਮੈਕਸੀਕੋ ਨਾਲ ਸਮਝੌਤਾ ਕਰਨ ਲਈ ਉਹ ਪੋਂਪੀਓ ਉਤੇ ਭੜਕ ਪਏ ਸਨ। ਇਸ ਸਮਝੌਤੇ ਹੇਠ ਅਮਰੀਕਾ ਕੁਝ ਸ਼ਰਨਾਰਥੀਆਂ ਦੀ ਅਪੀਲ ਖਾਰਜ ਕਰ ਸਕਦਾ ਸੀ। ਟਰੰਪ ਸਰਹੱਦ ਨੂੰ ਬੰਦ ਕਰਨ ਵਾਸਤੇ ਅੜੇ ਸਨ। ਨੀਲਸਨ ਦਾ ਕਹਿਣਾ ਸੀ ਕਿ ਇਹ ਪਰਵਾਸੀਆਂ ਦੀ ਸਮੱਸਿਆ ਦਾ ਹੱਲ ਨਹੀਂ ਸੀ। ਬੈਠਕ ਵਿੱਚ ਕੁਸ਼ਨਰ ਵੀ ਨੀਲਸਨ ਦੇ ਸਮਰਥਨ ਵਿੱਚ ਸਨ।

# ਮੈਕਰੋਨ ਦੇ ਸੁਨੇਹੇ ਉੱਤੇ ਰੂਹਾਨੀ ਨੇ ਟਰੰਪ ਨਾਲ ਗੱਲ ਨਹੀਂ ਕੀਤੀ

ਵਾਸ਼ਿੰਗਟਨ, 2 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਜਦੋਂ ਈਰਾਨੀ ਰਾਸ਼ਟਰਪਤੀ ਹਸਨ ਰੂਹਾਨੀ ਨਾਲ ਫੋਨ 'ਤੇ ਗੱਲ ਕਰਨਾ ਚਾਹੁੰਦੇ ਹਨ ਤਾਂ ਇਹੀ ਸੰਦੇਸ਼ ਲੈ ਕੇ ਸਲਾਹਕਾਰਾਂ ਦੀ ਛੋਟੀ ਟੀਮ ਨਾਲ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਫਿਰ ਯੂ ਐਨ ਹੈਡਕੁਆਰਟਰ ਦੇ ਨੇੜੇ ਮਿਲੇਨੀਅਮ ਹਿਲਟਨ ਹੋਟਲ 'ਚ ਰੂਹਾਨੀ ਦੇ ਕਮਰੇ ਦੇ ਬਾਹਰ ਪਹੁੰਚੇ। ਰੂਹਾਨੀ ਨੂੰ ਬੱਸ ਉਨ੍ਹਾਂ ਨਾਲ ਜਾ ਕੇ ਸੀਕ੍ਰੇਟ ਰੂਪ 'ਚ ਟਰੰਪ ਨਾਲ ਗੱਲ ਕਰਨੀ ਸੀ, ਪਰ ਰੂਹਾਨੀ ਆਪਣੇ ਕਮਰੇ 'ਚੋਂ ਬਾਹਰ ਨਹੀਂ ਆਏ ਅਤੇ ਗੱਲ ਹੀ ਨਹੀਂ ਕੀਤੀ। ਇਹ ਘਟਨਾ ਬੀਤੀ 24 ਸਤੰਬਰ ਦੀ ਰਾਤ ਦੀ ਹੈ। ਟਰੰਪ ਨੇ ਉਸੇ ਦਿਨ ਯੂ ਐਨ ਜਨਰਲ ਅਸੈਂਬਲੀ ਵਿੱਚ ਬੋਲਣਾ ਸੀ। ਇਸ ਸੰਬੋਧਨ ਦੌਰਾਨ ਉਨ੍ਹਾਂ ਨੇ ਈਰਾਨ ਦੀ ਨਿੰਦਾ ਤਾਂ ਕੀਤੀ ਸੀ।

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?
Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED
63 Talbot Street / BRAMPTON $729,900
Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,
12 Bluffmeadow Street / BRAMPTON $989,000
Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.
For More listings Visit anabelaserra.com

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਪਾਕਿ ਨਾਲ ਪਣਡੁੱਬੀ ਸੌਦੇ ਬਾਰੇ ਫਰਾਂਸ ਦੇ ਸਾਬਕਾ ਪ੍ਰਧਾਨ ਮੰਤਰੀ ਵਿਰੁੱਧ ਕੇਸ ਚੱਲੇਗਾ

ਪੈਰਿਸ, 2 ਅਕਤੂਬਰ (ਪੋਸਟ ਬਿਊਰੋ)- ਫਰਾਂਸ ਦੇ ਸਾਬਕਾ ਪ੍ਰਧਾਨ ਮੰਤਰੀ ਏਦੁਆਰਦ ਬਲਾਦੁਰ ਅਤੇ ਰੱਖਿਆ ਮੰਤਰੀ ਫ੍ਰੈਂਕੋਇਸ ਲਿਓਟਾਰਡ ਨੂੰ ਪਾਕਿਸਤਾਨ ਨਾਲ ਹੋਏ ਪਣਡੁੱਬੀ ਸੌਦੇ ਵਿੱਚ ਰਿਸ਼ਵਤ ਦੇ ਦੋਸ਼ਾਂ ਲਈ ਮੁਕੱਦਮੇ ਦਾ ਸਾਹਮਣਾ ਕਰਨਾ ਹੋਵੇਗਾ। ਇਹ ਸਮਝੌਤਾ ਬੀਤੀ ਸਦੀ ਦੇ ਅਖੀਰਲੇ ਦਹਾਕੇ ਵਿੱਚ ਕੀਤਾ ਗਿਆ ਸੀ।

ਜਾਣਕਾਰ ਸੂਤਰਾਂ ਅਨੁਸਾਰ ਸਾਲ 1993 ਤੋਂ 1995 ਤੱਕ ਪ੍ਰਧਾਨ ਮੰਤਰੀ ਰਹੇ ਬਲਾਦੁਰ ਉੱਤੇ ਵਿਸ਼ੇਸ਼ ਅਦਾਲਤ ਵਿੱਚ ਕੇਸ ਚੱਲੇਗਾ। ਬਲਾ-ਦੁਰ ਅਤੇ ਲਿਓਟਾਰਡ ਦੋਵਾਂ ਜਣਿਆਂ ਨੇ ਕੁਝ ਵੀ ਗਲਤ ਕੀਤਾ ਹੋਣ ਤੋਂ ਇਨਕਾਰ ਕੀਤਾ। ਇਸ ਕੇਸ ਦੀ ਸੁਣਵਾਈ ਵਿੱਚ ਇਸ ਗੱਲ 'ਤੇ ਗੌਰ ਕੀਤਾ ਜਾਏਗਾ ਕਿ 1995 ਵਿੱਚ ਹੋਈਆਂ ਰਾਸ਼ਟਰਪਤੀ ਚੋਣਾਂ ਦੇ ਦੌਰਾਨ ਬਲਾਦੁਰ ਦੀ ਪ੍ਰਚਾਰ ਮੁਹਿੰਮ ਵਿੱਚ ਕੀ ਪਣਡੁੱਬੀ ਸਮਝੌਤੇ ਵਿੱਚ ਮਿਲੀ ਰਿਸ਼ਵਤ ਦੀ ਵਰਤੋਂ ਕੀਤੀ ਗਈ ਸੀ? ਇਸ ਚੋਣ ਵਿੱਚ ਬਲਾਦੁਰ ਨੂੰ ਜਾਕ ਸ਼ਿਰਾਕ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਰਿਸ਼ਵਤ ਦਾ ਇਹ ਮਾਮਲਾ ਸਾਲ 2002 ਵਿੱਚ ਪਾਕਿਸਤਾਨੇ ਦੇ ਕਰਾਚੀ ਸ਼ਹਿਰ ਵਿੱਚ ਹੋਏ ਇੱਕ ਆਤਮਘਾਤੀ ਹਮਲੇ ਦੀ ਜਾਂਚ ਵਿੱਚ ਸਾਹਮਣੇ ਆਇਆ ਸੀ।

ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜੀ ਵੱਲੋਂ ਸਾਲ 2012 ਦੀ ਚੋਣ ਮੁਹਿੰਮ ਦੌਰਾਨ ਨਾਜਾਇਜ਼ ਤੌਰ 'ਤੇ ਵਿੱਤੀ ਪੋਸ਼ਣ ਦੇ ਕੇਸ ਵਿੱਚ ਹੇਠਲੀ ਅਦਾਲਤ ਨੇ ਕੇਸ ਚਲਾਉਣ ਦਾ ਹੁਕਮ ਦਿੱਤਾ ਸੀ। ਇਸ ਦੇ ਖਿਲਾਫ ਸਰਕੋਜੀ ਨੇ ਅਪੀਲ ਕੀਤੀ ਸੀ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਖਿਲਾਫ ਮੁਕੱਦਮਾ ਚਲਾਏ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ।

FRANCHISES REQUIRED for Greece, Italy, Austria, Germany, Spain
PERMANENT IMMIGRATION
Canada within 6-12 Months
We have confirmed job offers from Canadian Employers for:
- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions
Invest $200,000 (CAD) & Immigrate with family under Business Immigration
Subhash Punia
Immigration Counsel
Fast Track Immigration Under INVESTORS CLASS IMMIGRATION
Atlantic Immigration
By Appointment
MON-FRI
9:30AM - 5:30PM
2980 Drew rd. #230, Mississauga, ON L4T 0A7 | 905.362.0202 | 905.362.2158

MICHELIN Hankook Continental ROADLUX BFGoodrich AEOLUS COMPASAL
Chevron Delo
Special OIL CHANGE Rates
BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
1715 Sismet Rd, Mississauga | Call Ranjit: 416.624.8351 | Tel: 905.625.0055

# ਡਾ. ਸੁਰਜੀਤ ਪਾਤਰ ਤੇ ਸ਼ਮਸ਼ੇਰ ਸਿੰਘ ਸੰਧੂ ਨੂੰ ਪੰਜਾਬ ਕਲਚਰਲ ਸੋਸਾਇਟੀ ਵੱਲੋਂ ਕੀਤਾ ਜਾਵੇਗਾ ਸਨਮਾਨਿਤ

ਲੁਧਿਆਣਾ, 2 ਅਕਤੂਬਰ (ਗਿਆਨ ਸਿੰਘ): ਪੰਜਾਬ ਕਲਚਰਲ ਸੋਸਾਇਟੀ (ਰਜਿ:) ਇੰਟਰਨੈਸ਼ਨਲ ਵੱਲੋਂ 5 ਅਕਤੂਬਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਡਾ: ਮਨਮੋਹਨ ਸਿੰਘ ਆਡੀਟੋਰੀਅਮ ਵਿਖੇ ਸ਼ਾਹ ਹੁਸੈਨ ਪੁਰਸਕਾਰ ਨਾਲ ਡਾ: ਸੁਰਜੀਤ ਪਾਤਰ ਨੂੰ ਅਤੇ ਸੱਯਦ ਵਾਰਿਸ ਸ਼ਾਹ ਪੁਰਸਕਾਰ ਨਾਲ ਗੀਤਕਾਰ, ਲੇਖਕ ਤੇ ਪੱਤਰਕਾਰ ਸ਼ਮਸ਼ੇਰ ਸਿੰਘ ਸੰਧੂ ਨੂੰ ਸਨਮਾਨਿਤ ਕੀਤਾ ਜਾਵੇਗਾ।




ਇਹ ਐਲਾਨ ਕਰਦਿਆਂ ਪੰਜਾਬ ਕਲਚਰਲ ਸੋਸਾਇਟੀ ਦੇ ਪ੍ਰਧਾਨ ਰਵਿੰਦਰ ਰੰਗੂਵਾਲ, ਲੱਕੀ ਗਰੇਵਾਲ ਤੇ ਅਹੁਦੇਦਾਰਾਂ ਨੇ ਸਰਪ੍ਰਸਤ ਪ੍ਰੋ: ਗੁਰਭਜਨ ਗਿੱਲ ਦੀ ਹਾਜ਼ਰੀ 'ਚ ਦੱਸਿਆ ਕਿ ਡਾ: ਸੁਰਜੀਤ ਪਾਤਰ ਤੇ ਸ਼ਮਸ਼ੇਰ ਸਿੰਘ ਸੰਧੂ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਇਹ ਪੁਰਸਕਾਰ ਦਿੱਤੇ ਜਾ ਰਹੇ ਹਨ। ਇਹ ਸ਼ਾਮ ਸੂਫ਼ੀ ਤੇ ਸਾਹਿੱਤਕ ਗੀਤਾਂ ਨੂੰ ਸਮਰਪਿਤ ਕੀਤੀ ਗਈ ਹੈ।

ਸਿਰਕੱਢ ਗਾਇਕ ਸਤਿੰਦਰ ਸਰਤਾਜ ਇਸ ਸ਼ਾਮ ਨੂੰ ਸਰੋਦੀ ਬੋਲਾਂ ਨਾਲ ਸਨਮਾਨ ਕਰਨਗੇ। ਰਵਿੰਦਰ ਰੰਗੂਵਾਲ ਨੇ ਦੱਸਿਆ ਕਿ ਨੌਜਵਾਨ ਪੀੜ੍ਹੀ ਅੰਦਰ ਚੰਗੇ ਸੰਗੀਤ ਦੇ ਸੰਚਾਰ ਲਈ ਇਹ ਸ਼ਾਮ ਪੰਜਾਬ ਖੇਤੀ ਯੂਨੀਵਰਸਿਟੀ ਵਿੱਚ ਰੱਖੀ ਗਈ ਹੈ। ਮੈਂਬਰਾਂ ਤੋਂ ਇਲਾਵਾ ਔਨਲਾਈਨ ਬੁਕਿੰਗ ਵਾਲੇ ਸਰੋਤਿਆਂ ਤੇ ਵਿਸ਼ੇਸ਼ ਤੌਰ ਤੇ ਬੁਲਾਏ ਗਏ ਮਹਿਮਾਨ ਹੀ ਹਾਲ ਦੇ ਅੰਦਰ ਪ੍ਰੋਗ੍ਰਾਮ ਸੁਣ ਸਕਣਗੇ।

ਡਾ. ਸੁਰਜੀਤ ਪਾਤਰ ਅਤੇ ਸ਼ਮਸ਼ੇਰ ਸਿੰਘ ਸੰਧੂ ਦੀਆਂ ਪ੍ਰਾਪਤੀਆਂ ਦਾ ਵੇਰਵਾ ਦੱਸਦਿਆਂ ਰੰਗੂਵਾਲ ਨੇ ਕਿਹਾ ਕਿ ਇਹ ਦੋਵੇਂ ਲੇਖਕ ਅਜਿਹੇ ਹਨ ਜਿੰਨ੍ਹਾਂ ਦੀਆਂ ਲਿਖਤਾਂ ਨੇ ਪਿਛਲੇ 45 ਸਾਲ ਲਗਾਤਾਰ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਕਦਰਾਂ ਕੀਮਤਾਂ ਦੀ ਸੇਧ ਬਖਸ਼ੀ ਹੈ। ਇਨ੍ਹਾਂ ਦੋਹਾਂ ਲੇਖਕਾਂ ਦਾ ਪ੍ਰਾਪਤੀ ਵੇਰਵਾ ਇਸ ਪ੍ਰਕਾਰ ਹੈ।

ਹਵਾ 'ਚ ਲਿਖੇ ਹਰਫ਼ ਗਜ਼ਲ ਸੰਗ੍ਰਹਿ ਤੋਂ ਸ਼ੁਰੂ ਕਰਕੇ ਅੱਜ ਤੀਕ ਨਿਰੰਤਰ ਕਰਮਸ਼ੀਲ ਡਾ. ਸੁਰਜੀਤ ਪਾਤਰ ਨੇ ਮੌਲਿਕ ਕਾਵਿ ਸਿਰਜਣਾ, ਵਾਰਤਕ, ਖੋਜ ਤੇ ਅਨੁਵਾਦ ਦੇ ਕੇਤਰ ਵਿੱਚ ਨਿਵੇਕਲੀਆਂ ਪੈੜਾਂ ਪਾਈਆਂ ਹਨ।

ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਦੇ ਜੰਮਪਲ ਡਾ. ਸੁਰਜੀਤ ਪਾਤਰ ਨੇ ਉਚੇਰੀ ਸਿੱਖਿਆ ਰਣਧੀਰ ਕਾਲਿਜ ਕਪੂਰਥਲਾ ਤੇ ਪੰਜਾਬ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਡਾਕਟਰੇਟ ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਾਸੋਂ ਗ੍ਰਹਿਣ ਕੀਤੀ।

ਕੁਝ ਸਮਾਂ ਬਾਬਾ ਬੁੱਢਾ ਜੀ ਕਾਲਿਜ ਬੀੜ ਸਾਹਿਬ (ਅੰਮ੍ਰਿਤਸਰ) ਵਿਖੇ ਪੜ੍ਹਾਉਣ ਉਪਰੰਤ ਆਪ ਪੰਜਾਬ ਖੇਤੀ ਯੂਨੀਵਰਸਿਟੀ ਵਿਖੇ ਪ੍ਰੋ: ਮੋਹਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਭਾਸ਼ਾਵਾਂ, ਪੱਤਰਕਾਰੀ ਤੇ ਸਭਿਆਚਾਰ ਵਿਭਾਗ 'ਚ ਪੜ੍ਹਾਉਣ ਲੱਗ ਪਏ। ਇਥੋਂ ਹੀ 2005 ਚ ਸੇਵਾ ਮੁਕਤ ਹੋਏ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਛੇ ਸਾਲ ਪ੍ਰਧਾਨ ਰਹਿਣ ਉਪਰੰਤ ਇਸ ਵੇਲੇ ਆਪ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਦੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ।

ਲੁਧਿਆਣਾ ਦੀ ਅਦਬੀ ਫਿਜ਼ਾ ਵਿੱਚ ਰੌਸ਼ਨ ਮੀਨਾਰ ਵਾਂਗ ਸੁਸ਼ੋਭਿਤ ਡਾ: ਸੁਰਜੀਤ ਪਾਤਰ ਜੀ ਤੋਂ ਸਮੁੱਚਾ ਵਿਸ਼ਵ ਪੰਜਾਬੀ ਜਗਤ ਪ੍ਰੇਰਨਾ ਤੇ ਉਤਸ਼ਾਹ ਲੈ ਰਿਹਾ ਹੈ।

ਸ਼ਮਸ਼ੇਰ ਸਿੰਘ ਸੰਧੂ ਜੀ ਨੇ ਮੁੱਢਲੀ ਸਿੱਖਿਆ ਆਪਣੇ ਜੱਦੀ ਪਿੰਡ ਮਦਾਰਪੁਰਾ (ਲੁਧਿਆਣਾ) ਤੋਂ ਗ੍ਰਹਿਣ ਕਰਕੇ ਲੁਧਿਆਣਾ ਦੇ ਜੀ.ਜੀ.ਐੱਨ.ਖਾਲਸਾ ਕਾਲਿਜ, ਸਿਵਿਲ ਲਾਈਨਜ਼ ਵਿੱਚ ਉਚੇਰੀ ਸਿੱਖਿਆ ਲਈ ਦਾਖਲਾ ਲੈ ਲਿਆ। ਇਥੇ ਪੜ੍ਹਦਿਆਂ ਹੀ ਸਾਹਿਤਕ ਚੇਟਕ ਸਿਖਰਾਂ ਤੇ ਪੁੱਜੀ। ਡਾ. ਐੱਸ.ਪੀ ਸਿੰਘ ਵਰਗੇ ਅਧਿਆਪਕਾਂ ਦੀ ਪ੍ਰੇਰਨਾ ਤੇ ਅਦਬੀ ਮਾਹੌਲ ਨੇ ਉਨ੍ਹਾਂ ਨੂੰ ਇਸ ਮਾਰਗ ਦਾ ਪਾਂਧੀ ਬਣਾਇਆ। ਆਪਣੇ ਗੌਰਮਿੰਟ ਕਾਲਿਜ ਲੁਧਿਆਣਾ ਤੋਂ ਐੱਮ.ਏ. ਕੀਤੀ। 1974 ਚ ਸ਼ਮਸ਼ੇਰ ਸਿੰਘ ਸੰਧੂ ਜੀ ਦਾ ਪਹਿਲਾ ਕਹਾਣੀ ਸੰਗ੍ਰਹਿ "ਕੋਈ ਦਿਉ ਜਵਾਬ" ਦ੍ਰਿਸ਼ਟੀ ਪ੍ਰਕਾਸ਼ਨ ਜਲੰਧਰ ਵੱਲੋਂ ਸ: ਬਰਜਿੰਦਰ ਸਿੰਘ ਹਮਦਰਦ ਜੀ ਨੇ ਪ੍ਰਕਾਸ਼ਤ ਕੀਤਾ। ਭਾਰਤੀ ਤੇ ਪਾਕਿਸਤਾਨੀ ਪੰਜਾਬੀ ਗਾਇਕਾਂ ਆਪ ਨੇ "ਲੋਕ-ਸੁਰਾਂ" ਤੇ ਸੁਰ ਦਰਿਆਉਂ ਪਾਰ ਦੇ ਪੁਸਤਕਾਂ ਲਿਖ ਕੁ ਪਹਿਲ ਕਦਮੀ ਕੀਤੀ। ਗੀਤਕਾਰੀ ਦੇ ਖੇਤਰ ਵਿਚ ਲਗਪਗ 80 ਗਾਇਕਾਂ ਨੇ ਸ਼ਮਸ਼ੇਰ ਸਿੰਘ ਸੰਧੂ ਦੇ ਲਗਪਗ 600ਗੀਤ ਗਾਏ ਹਨ ਪਰ ਪਰਮੁੱਖਤਾ ਸੁਰਜੀਤ ਬਿੰਦਰਖੀਆ ਦੇ ਗਾਏ 150 ਗੀਤਾਂ ਕਾਰਨ ਹੀ ਮਿਲੀ। ਪਾਸ਼ ਬਾਰੇ ਲਿਖੀ ਵਾਰਤਕ ਪੁਸਤਕ "ਇੱਕ ਪਾਸ਼ ਇਹ ਵੀ" ਮੀਲ ਪੱਥਰ ਹੈ। ਸ਼ਮਸ਼ੇਰ ਸਿੰਘ ਸੰਧੂ ਜੀ ਨੇ ਕੁਝ ਸਮਾਂ ਸਿੱਖ ਨੈਸ਼ਨਲ ਕਾਲਿਜ ਬੰਗਾ (ਜਲੰਧਰ ) 'ਚ ਪੜ੍ਹਾਉਣ ਉਪਰੰਤ ਪੰਜਾਬੀ ਟ੍ਰਿਬਿਊਨ ਵਿਚ ਸੇਵਾ ਆਰੰਭੀ। ਇੱਥੋਂ ਹੀ ਸਵੈ ਇੱਛੁਕ ਸੇਵਾ ਲੈ ਕੇ ਚੰਡੀਗੜ੍ਹ ਰਹਿ ਕੇ ਨਿਰੰਤਰ ਸਾਹਿੱਤ ਸਿਰਜਣ ਕਰ ਰਹੇ ਹਨ।

# ਸਰਕਾਰੀ ਨੌਕਰੀਆਂ 'ਚ ਸਪੋਰਟਸ ਕੋਟੇ ਤਹਿਤ ਪ੍ਰੀਖਿਆ 'ਚ ਹੁਣ ਸਿਰਫ਼ ਖਿਡਾਰੀ ਹੀ ਬੈਠਣਗੇ : ਰਾਣਾ ਸੋਢੀ

ਫ਼ਿਰੋਜ਼ਪੁਰ, 2 ਅਕਤੂਬਰ (ਗਿਆਨ ਸਿੰਘ): ਸਰਕਾਰੀ ਨੌਕਰੀਆਂ ਦੇ ਲਈ ਖਿਡਾਰੀਆਂ ਦੇ ਲਈ ਨਿਰਧਾਰਿਤ ਸਪੋਰਟਸ ਕੋਟੇ ਦੇ ਤਹਿਤ ਆਯੋਜਿਤ ਹੋਣ ਵਾਲੀ ਪ੍ਰਤੀਯੋਗੀ ਪਰੀਖਿਆ ਵਿੱਚ ਹੁਣ ਸਿਰਫ਼ ਖਿਡਾਰੀ ਹੀ ਬੈਠਣਗੇ। ਇਹ ਵਿਵਸਥਾ ਖਿਡਾਰੀਆਂ ਨੂੰ ਨੌਕਰੀਆਂ ਦੇ ਲਈ ਚੁਣਨ ਲਈ ਬਿਹਤਰੀਨ ਅਵਸਰ ਮੁਹੱਈਆ ਕਰਵਾਉਣ ਦੇ ਲਈ ਕੀਤੀ ਗਈ ਹੈ।




ਇਹ ਵਿਚਾਰ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਸੋਮਵਾਰ ਨੂੰ ਫ਼ਿਰੋਜ਼ਪੁਰ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ 6.22 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਹਾਕੀ ਸਟੇਡੀਅਮ ਦਾ ਨੀਂਹ ਪੱਥਰ ਰਖਣ ਦੇ ਲਈ ਵਿਅਕਤ ਕੀਤਾ।

ਹਾਕੀ ਸਟੇਡੀਅਮ ਦੇ ਅਪਗ੍ਰੇਡਸ਼ਨ ਦਾ ਨੀਂਹ ਪੱਥਰ ਰੱਖਣ ਦੇ ਬਾਅਦ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਦੱਸਿਆ ਕਿ 5.50 ਕਰੋੜ ਰੁਪਏ ਦੀ ਰਾਸ਼ੀ ਐਸਟੋਟਰਫ ਅਤੇ 71.46 ਲੱਖ ਰੁਪਏ ਦੀ ਰਾਸ਼ੀ ਸਟੇਡੀਅਮ ਨੂੰ ਅੱਪਗ੍ਰੇਡ ਕਰਨ ਲਈ ਖਰਚ ਕੀਤੀ ਜਾਵੇਗੀ। ਇਸ ਵਿੱਚ ਸਟੇਡੀਅਮ ਦੀ ਏ ਬਲਾਕ ਵਿੱਚ ਹੋਣ ਵਾਲੇ ਕਾਰਜ, ਸਟੇਡੀਅਮ ਦੀ ਬਾਊਂਡਰੀ ਵਾਲ ਬਣਾਉਣ, ਚੇਨ ਲਿੰਕ ਫੇਂਸਿੰਗ ਲਗਾਉਣ ਦੇ ਕੰਮ ਸ਼ਾਮਲ ਹਨ। ਖੇਡ ਮੰਤਰੀ ਨੇ ਦੱਸਿਆ ਕਿ ਸਟੇਡੀਅਮ ਵਿੱਚ ਲੱਗਣ ਵਾਲੀ ਐਸਟੋਟਰਫ ਅੰਤਰਰਾਸ਼ਟਰੀ ਸਤਰ ਦੀ ਓਲੰਪਿਕ ਖੇਡਾਂ ਵਿੱਚ ਇਸਤੇਮਾਲ ਹੋਣ ਵਾਲੀ ਟ੍ਰਫ ਦੇ ਬਰਾਬਰ ਸਾਈਜ਼ ਦੀ ਹੋਵੇਗੀ ਅਤੇ ਇਹ ਟ੍ਰਫ ਵਿਦੇਸ਼ ਵਿੱਚ ਖਾਸ ਤੌਰ ਤੇ ਐਕਸਪੋਰਟ ਕੀਤੀ ਜਾਵੇਗੀ। ਇਸ ਐਸਟੋਟਰਫਦੇ ਲਗਣ ਦੇ ਬਾਅਦ ਇੱਥੇ ਅੰਤਰ-ਰਾਸ਼ਟਰੀ ਸਤਰ ਦੇ ਵੱਡੇ ਹਾਕੀ ਮੁਕਾਬਲੇ ਕਰਵਾਏ ਜਾ ਸਕਣਗੇ। ਉਨ੍ਹਾਂ ਦੱਸਿਆ ਕਿ ਇਹ ਕਾਰਜ 9 ਮਹੀਨੇ ਵਿੱਚ ਪੂਰਾ ਹੋ ਜਾਵੇਗਾ।

ਖੇਡ ਮੰਤਰੀ ਨੇ ਦੱਸਿਆ ਕਿ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਖੇਡਾਂ ਦੇ ਨਾਲ ਬੱਚਿਆਂ ਨੂੰ ਜੋੜਨ ਲਈ ਕਈ ਤਰ੍ਹਾਂ ਦੇ ਕਦਮ ਉਠਾਏ ਜਾਣਗੇ ਫਿਰੋਜ਼ਪੁਰ ਦੇ ਸ਼ਹੀਦ ਭਗਤ ਸਿੰਘ ਸਟੇਡੀਅਮ ਵਿੱਚ ਅਥਲੈਟਿਕ ਟਰੈਕ 7 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਜਾਵੇਗਾ। 100 ਬੱਚਿਆਂ ਵਾਲੀ ਹਾਕੀ ਅਕੈਡਮੀ ਸਥਾਪਤ ਕੀਤੀ ਜਾਵੇਗੀ । ਆਲ ਸੀਜ਼ਨ ਸਵੀਮਿੰਗ ਪੂਲ ਸਥਾਪਿਤ ਕੀਤਾ ਜਾਵੇਗਾ। 4 ਕਰੋੜ ਦੀ ਲਾਗਤ ਨਾਲ ਫਲੱਡ ਲਾਈਟਾਂ ਲਾਈਆਂ ਜਾਣਗੀਆਂ । ਖੇਡ ਮੰਤਰੀ ਨੇ ਦੱਸਿਆ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਕੈਪਟਨ ਸਰਕਾਰ ਵੱਲੋਂ ਵੱਖ ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਤਹਿਤ ਪਿੰਡ ਪਿੰਡ ਵਿੱਚ ਖੇਡ ਸਟੇਡੀਅਮ, ਜਿੰਮ ਦੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ । ਇਸ ਤੋਂ ਇਲਾਵਾ ਖੇਡਾਂ ਅਤੇ ਖਿਡਾਰੀਆਂ ਨੂੰ ਪ੍ਰੇਰਿਤ ਕਰਨ ਲਈ ਨਵੀਆਂ ਨਵੀਆਂ ਗਤੀਵਿਧੀਆਂ ਸ਼ੁਰੂ ਕੀਤੀਆਂ ਜਾਣਗੀਆਂ, ਜਿਸ ਤਹਿਤ ਏਸ਼ੀਅਨ ਅਤੇ ਕਾਮਨਵੈਲਥ ਖੇਡਾਂ ਵਿਚ ਗੋਲਡ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ 1 ਕਰੋੜ ਰੁਪਏ ਦਾ ਪੁਰਸਕਾਰ, ਸਰਕਾਰੀ ਨੌਕਰੀ ਦੇਣ ਦੀ ਵਿਵਸਥਾ ਕੀਤੀ ਗਈ ਹੈ ਇਸੇ ਤਰ੍ਹਾਂ ਓਲੰਪਿਕ ਵਿਚ ਗੋਲਡ ਜਿੱਤਣ ਵਾਲੇ ਖਿਡਾਰੀਆਂ ਨੂੰ 2.5 ਕਰੋੜ ਰੁਪਏ ਦਾ ਪੁਰਸਕਾਰ ਅਤੇ ਸਰਕਾਰੀ ਨੌਕਰੀ ਦੀ ਵਿਵਸਥਾ ਕੀਤੀ ਗਈ ਹੈ । ਇਸ ਤੋਂ ਇਲਾਵਾ ਸਿਲਵਰ ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ 75 ਲੱਖ ਰੁਪਏ ਅਤੇ ਨੌਕਰੀ ਅਤੇ ਤਾਂਬਾ ਮੈਡਲ ਜਿੱਤਣ ਵਾਲਿਆਂ ਨੂੰ 50 ਲੱਖ ਰੁਪਏ ਅਤੇ ਸਰਕਾਰੀ ਨੌਕਰੀ ਦਿੱਤੀ ਜਾਵੇਗੀ । ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪੰਜਾਬੀ ਗੁਰਪੁਰਬ ਨੂੰ ਸਮਰਪਿਤ ਸਾਰੇ ਜ਼ਿਲ੍ਹਿਆਂ ਵਿੱਚ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਸ ਤਹਿਤ ਖਿਡਾਰੀਆਂ ਨੂੰ ਅੱਗੇ ਵਧਣ ਦਾ ਮੌਕਾ ਦਿੱਤਾ ਜਾ ਰਿਹਾ ਹੈ ।

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
